# ਅੰਮ੍ਰਿਤ ਰਸ ਬਾਣੀ
# ਸ੍ਰੀ ਗੁਰੂ ਰਵਿਦਾਸ ਜੀ

## ਸਟੀਕ {ਪੰਜਾਬੀ}

ਜੇਕਰ ਕੋਈ ਸਭਾ ਜਾਂ ਵਿਅਕਤੀ ਇਸ ਸਟੀਕ ਨੂੰ ਮੁਫ਼ਤ ਜਾਂ ਲਾਗਤ ਕੀਮਤ 'ਤੇ ਵੰਡਣ ਲਈ ਆਪਣੇ ਨਾਂਅ ਹੇਠ ਛਪਵਾਉਣਾ ਚਾਹੁੰਦੇ ਹਨ ਤਾਂ ਸੰਸਥਾ ਨਾਲ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ ਜੀ।

ਪ੍ਰਕਾਸ਼ਕ :

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**

ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201

# Amrit Ras Bani

## Sri Guru Ravidass Ji
## Satik {Punjabi}

**Charanjit Singh Binpalke**

ਦੂਜੀ ਵਾਰ : 8 ਅਕਤੂਬਰ, 2014 (ਗਿਣਤੀ 2000)

ਭੇਟਾ : 20 ਰੁਪਏ

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201
ਮੋਬਾਇਲ - 98154-85844, 98725-88620
Email: sgrmpsp@hotmail.com

ਟਾਈਪ ਵਰਕ :
ਵਾਲੀਆ ਕੰਪਿਊਟਰ
99157-62071, 98153-78692



## ਤਤਕਰਾ

| ਨੰ. | ਵੇਰਵਾ | ਪੰਨਾ |
|---|---|---|
| | ਦੋ ਸ਼ਬਦ | 6 |
| | **੧ ਰਾਗੁ ਸਿਰੀਰਾਗੁ** | |
| 1. | ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥ | 12 |
| | **੨ ਰਾਗੁ ਗਉੜੀ** | |
| 2. | ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ | 12 |
| 3. | ਬੇਗਮ ਪੁਰਾ ਸਹਰ ਕੋ ਨਾਉ ॥ | 13 |
| 4. | ਘਟ ਅਵਘਟ ਡੂਗਰ ਘਣਾ... | 14 |
| 5. | ਕੂਪ ਭਰਿਓ ਜੈਸੇ ਦਾਦਿਰਾ... | 14 |
| 6. | ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ | 15 |
| | **੩ ਰਾਗੁ ਆਸਾ** | |
| 7. | ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ... | 17 |
| 8. | ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ | 18 |
| 9. | ਤੁਮ ਚੰਦਨ ਹਮ ਇਰੰਡ ਬਾਪੁਰੇ... | 18 |
| 10. | ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥ | 19 |
| 11. | ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥ | 19 |
| 12. | ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥ | 20 |
| | **੪ ਰਾਗੁ ਗੂਜਰੀ** | |
| 13. | ਦੂਧੁ ਤ ਬਛਰੈ ਥਨਹੁ ਬਿਟਾਰਿਓ ॥ | 20 |

| | | |
|---|---|---|
| | **੫ ਰਾਗੁ ਸੋਰਠਿ** | |
| 14. | ਜਬ ਹਮ ਹੋਤੇ ਤਬ ਤੂ ਨਾਹੀ... | 21 |
| 15. | ਜਉ ਹਮ ਬਾਂਧੇ ਮੋਹ ਫਾਸ... | 22 |
| 16. | ਦੁਲਭ ਜਨਮੁ ਪੁੰਨ ਫਲ ਪਾਇਓ | 23 |
| 17. | ਸੁਖ ਸਾਗਰੁ ਸੁਰਤਰ ਚਿੰਤਾਮਨਿ... | 24 |
| 18. | ਜਉ ਤੁਮ ਗਿਰਿਵਰ ਤਉ ਹਮ ਮੋਰਾ ॥ | 25 |
| 19. | ਜਲ ਕੀ ਭੀਤਿ ਪਵਨ ਕਾ ਥੰਭਾ... | 25 |
| 20. | ਚਮਰਟਾ ਗਾਂਠਿ ਨ ਜਨਈ ॥ | 26 |
| | **੬ ਰਾਗੁ ਧਨਾਸਰੀ** | |
| 21. | ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ... | 27 |
| 22. | ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ... | 27 |
| 23. | ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ | 28 |
| | **੭ ਰਾਗੁ ਜੈਤਸਰੀ** | |
| 24. | ਨਾਥ ਕਛੂਅ ਨ ਜਾਨਉ ॥ | 29 |
| | **੮ ਰਾਗੁ ਸੂਹੀ** | |
| 25. | ਸਹ ਕੀ ਸਾਰ ਸੁਹਾਗਨਿ ਜਾਨੈ ॥ | 30 |
| 26. | ਜੋ ਦਿਨ ਆਵਹਿ ਸੋ ਦਿਨ ਜਾਹੀ ॥ | 31 |
| 27. | ਊਚੇ ਮੰਦਰ ਸਾਲ ਰਸੋਈ ॥ | 32 |
| | **੯ ਰਾਗੁ ਬਿਲਾਵਲੁ** | |
| 28. | ਦਾਰਿਦੁ ਦੇਖਿ ਸਭ ਕੋ ਹਸੈ... | 32 |





| | | |
|---|---|---|
| 29. | ਜਿਹ ਕੁਲ ਸਾਧੁ ਬੈਸਨੌ ਹੋਇ ॥ | 33 |
| | **੧੦ ਰਾਗੁ ਗੋਂਡ** | |
| 30. | ਮੁਕੰਦ ਮੁਕੰਦ ਜਪਹੁ ਸੰਸਾਰ ॥ | 34 |
| 31. | ਜੇ ਓਹੁ ਅਠਸਠਿ ਤੀਰਥ ਨਾਵੈ ॥ | 35 |
| | **੧੧ ਰਾਗੁ ਰਾਮਕਲੀ** | |
| 32. | ਪੜੀਐ ਗੁਨੀਐ ਨਾਮੁ ਸਭੁ ਸੁਨੀਐ... | 36 |
| | **੧੨ ਰਾਗੁ ਮਾਰੂ** | |
| 33. | ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ | 37 |
| 34. | ਸੁਖ ਸਾਗਰ ਸੁਰਿਤਰੁ ਚਿੰਤਾਮਨਿ... | 38 |
| | **੧੩ ਰਾਗੁ ਕੇਦਾਰਾ** | |
| 35. | ਖਟੁ ਕਰਮ ਕੁਲ ਸੰਜੁਗਤੁ ਹੈ... | 39 |
| | **੧੪ ਰਾਗੁ ਭੈਰਉ** | |
| 36. | ਬਿਨੁ ਦੇਖੇ ਉਪਜੈ ਨਹੀ ਆਸਾ ॥ | 40 |
| | **੧੫ ਰਾਗੁ ਬਸੰਤੁ** | |
| 37. | ਤੁਝਹਿ ਸੁਝੰਤਾ ਕਛੂ ਨਾਹਿ ॥ | 41 |
| | **੧੬ ਰਾਗੁ ਮਲਾਰ** | |
| 38. | ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥ | 42 |
| 39. | ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ... | 43 |
| 40. | ਮਿਲਤ ਪਿਆਰੋ ਪ੍ਰਾਨ ਨਾਥੁ... | 44 |
| * | ਸਲੋਕ | 44 |

# ਦੋ ਸ਼ਬਦ

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਬਹੁਤ ਮਹਾਨ ਹੈ। ਇਹ ਅਗੰਮੀ, ਅਦੁੱਤੀ, ਅਮੋਲਕ, ਅਹਿਮ, ਅੰਮ੍ਰਿਤ ਬਾਣੀ ਵਿਸ਼ਵ ਵਿਚ ਸਾਂਝੀਵਾਲਤਾ, ਏਕਤਾ, ਅਖੰਡਤਾ, ਸੁਤੰਤਰਤਾ ਅਤੇ ਵਿਸ਼ਵ ਸ਼ਾਂਤੀ ਸੰਵਿਧਾਨ ਦਾ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਇਹ ਪਾਵਨ ਬਾਣੀ ਮਨੁੱਖ ਨੂੰ ਪਾਰਬ੍ਰਹਮ ਪ੍ਰਮਾਤਮਾ ਨਾਲ ਤਾਂ ਜੋੜਦੀ ਹੀ ਹੈ ਪਰ ਨਾਲ-ਨਾਲ ਮਨੁੱਖ ਅੰਦਰ ਸਮਾਜਿਕ ਚੇਤਨਾ ਵੀ ਪ੍ਰਦਾਨ ਕਰਦੀ ਹੈ। ਸ੍ਰੀ ਗੁਰੂ ਰਵਿਦਾਸ ਬਾਣੀ ਵਿਚੋਂ ਉਪਜੇ ਸਿਧਾਂਤ ਸਾਰੇ ਵਿਸ਼ਵ ਦੇ ਲੋਕਾਂ ਨੂੰ ਆਪਣਾ ਧਾਰਮਿਕ, ਸਮਾਜਿਕ ਅਤੇ ਆਰਥਿਕ ਜੀਵਨ ਪੱਧਰ ਉੱਚਾ ਕਰਨ ਦੀ ਜੁਗਤੀ ਪ੍ਰਦਾਨ ਕਰਦੇ ਹਨ। ਇਸ ਗੱਲ ਵਿਚ ਰਤਾ ਜਿੰਨਾ ਵੀ ਸ਼ੱਕ ਨਹੀਂ ਕਿ ਜੋ ਮਨੁੱਖ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ, ਬਾਣੀ ਅਤੇ ਇਨ੍ਹਾਂ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਅਪਨਾਅ ਲੈਂਦਾ ਹੈ, ਉਸ ਦਾ ਜੀਵਨ ਅਨੰਦ ਨਾਲ ਭਰਪੂਰ ਹੋ ਜਾਂਦਾ ਹੈ। ਉਹ ਦੁਨੀਆ ਦੇ ਦੂਸਰੇ ਲੋਕਾਂ ਤੋਂ ਨਿਆਰਾ ਹੋ ਜਾਂਦਾ ਹੈ। ਉਹ ਸੰਸਾਰ ਵੱਲੋਂ ਕੀਤੇ ਜਾਂਦੇ ਧਾਰਮਿਕ ਅਡੰਬਰਾਂ, ਬਾਹਰਮੁਖੀ ਕਰਮ-ਕਾਂਡਾਂ ਦੀ ਅਸਲੀਅਤ ਨੂੰ ਬੁੱਝ ਲੈਂਦਾ ਹੈ। ਨਿਰਸੰਦੇਹ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਹਰ ਮਨੁੱਖ ਲਈ ਪੜ੍ਹਨੀ, ਸਮਝਣੀ ਅਤੇ ਅਪਨਾਉਣੀ ਅਤਿ ਜ਼ਰੂਰੀ ਹੈ।


ਸੰਤ ਕਰਮਦਾਸ ਜੀ ਅਨੁਸਾਰ **ਚੌਦਾਂਹ ਸੈ ਤੇਤੀਸ ਕੀ, ਮਾਘ ਸੁਦੀ ਪੰਦਰਾਸ॥ ਦੁਖੀਓਂ ਕੇ ਕਲਿਆਣ ਹਿਤ, ਪ੍ਰਗਟੇ ਸ੍ਰੀ ਰਵਿਦਾਸ॥** ਗੁਰੂ ਰਵਿਦਾਸ ਜੀ ਦਾ ਆਗਮਨ **ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਭਾਵ ਜਨਵਰੀ 1377 ਈ. ਨੂੰ ਵਾਰਾਣਸੀ ਦੀ ਮਹਾਨ ਧਰਤੀ ਸੀਰ ਗੋਵਰਧਨਪੁਰ ਸਾਹਿਬ ਵਿਖੇ ਪਿਤਾ ਸ੍ਰੀ ਸੰਤੋਖ ਦਾਸ ਜੀ** ਦੇ ਘਰ **ਮਾਤਾ ਕਲਸਾਂ ਦੇਵੀ ਜੀ** ਦੀ ਕੁੱਖੋਂ ਹੋਇਆ। ਗੁਰੂ ਜੀ ਦੀ ਸ਼ਾਦੀ **ਮਾਤਾ ਲੋਨਾ ਜੀ** ਨਾਲ ਹੋਈ ਜਿਨ੍ਹਾਂ ਦੀ ਕੁੱਖੋਂ ਇਕ ਸਪੁੱਤਰ ਸ੍ਰੀ **ਵਿਜੈ ਦਾਸ ਜੀ** ਨੇ ਜਨਮ ਲਿਆ।

ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਜੋ ਉਪਰਾਲਾ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਨੇ ਆਰੰਭਿਆ ਹੈ, ਇਹ ਬਹੁਤ ਹੀ ਸਲਾਹੁਣਯੋਗ ਹੈ। ਇਸ ਸਟੀਕ ਸਾਹਿਬ ਵਿਚ ਗੁਰੂ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ



ਬਾਣੀ ਦੇ 40 ਸ਼ਬਦ ਅਤੇ 1 ਸਲੋਕ ਵਿਆਖਿਆ ਸਹਿਤ ਅੰਕਿਤ ਹਨ। ਪਹਿਲਾਂ ਬਾਣੀ ਦੇ ਸ਼ਬਦ ਰਾਗਾਂ ਸਹਿਤ ਦਿੱਤੇ ਗਏ ਹਨ। ਬਾਅਦ ਵਿਚ ਨੰਬਰ ਵਾਰ ਸਾਰੇ ਸ਼ਬਦਾਂ ਦੀ ਵਿਆਖਿਆ ਦਿੱਤੀ ਗਈ ਹੈ। ਬਾਣੀ ਦੀ ਵਿਆਖਿਆ ਬਹੁਤ ਹੀ ਸਾਦੇ, ਘੱਟ ਪਰ ਸਪੱਸ਼ਟ ਸ਼ਬਦਾਂ ਵਿਚ ਕੀਤੀ ਗਈ ਹੈ। ਇਹ ਉਪਰਾਲਾ ਉਨ੍ਹਾਂ ਪਾਠਕਾਂ ਵਾਸਤੇ ਬਹੁਤ ਲਾਹੇਵੰਦ ਹੋਵੇਗਾ ਜੋ ਪਾਠਕ ਗੁਰੂ ਜੀ ਦੀ ਬਾਣੀ, ਵਿਚਾਰਧਾਰਾ ਅਤੇ ਜੀਵਨ ਇਤਿਹਾਸ ਤੋਂ ਅਨਜਾਣ ਹਨ। ਇਸ ਮਹਾਨ ਬਾਣੀ ਅਤੇ ਸਟੀਕ ਨੂੰ ਪੜ੍ਹ ਕੇ ਅਜਿਹੇ ਪਾਠਕਾਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਬਾਬਤ ਹੋਰ ਜਾਣਨ ਦੀ ਤਾਂਘ ਪੈਦਾ ਹੋਵੇਗੀ। ਵਰਨਣਯੋਗ ਹੈ ਕਿ ਹੂ-ਬ-ਹੂ ਇਹੀ ਸਟੀਕ ਹਿੰਦੀ ਭਾਸ਼ਾ ਵਿਚ ਵੀ ਪ੍ਰਕਾਸ਼ਿਤ ਕੀਤਾ ਹੈ। ਜਿੱਥੇ ਸੰਸਥਾ ਅਜਿਹੇ ਕਾਰਜ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਢੇਰ ਸਾਰੀਆਂ ਅਸੀਸਾਂ ਅਤੇ ਖੁਸ਼ੀਆਂ ਪ੍ਰਾਪਤ ਕਰ ਰਹੀ ਹੈ, ਉਥੇ ਪਾਠਕਾਂ ਨੂੰ ਵੀ ਇਸ ਤੋਂ ਵਾਂਝੇ ਨਹੀਂ ਰਹਿਣਾ ਚਾਹੀਦਾ। ਇਹ ਸਟੀਕ ਆਪ ਪੜ੍ਹ ਕੇ ਦੂਸਰਿਆਂ ਨੂੰ ਪੜ੍ਹਨ ਲਈ ਪ੍ਰੇਰੋ। ਆਪਣੇ ਦੋਸਤਾਂ-ਮਿੱਤਰਾਂ ਨੂੰ ਦਿਓ। ਬੱਚਿਆਂ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਤੋਹਫ਼ੇ ਦੇ ਤੌਰ 'ਤੇ ਦਿਓ। ਸ੍ਰੀ ਗੁਰੂ ਰਵਿਦਾਸ ਬਾਣੀ ਦੇ ਨਾਲ-ਨਾਲ ਸਾਨੂੰ ਦੂਸਰੇ ਗੁਰੂ ਸਾਹਿਬਾਨਾਂ, ਸੰਤਾਂ, ਰਹਿਬਰਾਂ ਦੀ ਬਾਣੀ ਦੇ ਗਿਆਨ ਨੂੰ ਵੀ ਹਾਸਲ ਕਰਨਾ ਚਾਹੀਦਾ ਹੈ। ਬੱਚੇ ਅਤੇ ਨੌਜਵਾਨ ਨਸ਼ਿਆਂ ਅਤੇ ਹੋਰ ਕੁਰੀਤੀਆਂ ਨੂੰ ਤਿਆਗ ਕੇ ਆਪਣੇ ਰਹਿਬਰਾਂ ਦੀ ਬਾਣੀ ਨਾਲ ਜੁੜਨ। **ਰੇ ਚਿਤ ਚੇਤ ਅਚੇਤ, ਕਾਹੇ ਨ ਬਾਲਮੀਕਹਿ ਦੇਖ॥** ਸ੍ਰੀ ਗੁਰੂ ਰਵਿਦਾਸ ਜੀ ਇਸ ਪਾਵਨ ਬਾਣੀ ਦੁਆਰਾ ਮਹਾਨ ਮਹਾਂਰਿਸ਼ੀ, ਵਿਸ਼ਵ ਗਿਆਤਾ **ਸਤਿਗੁਰੂ ਸੁਆਮੀ ਵਾਲਮੀਕਿ ਜੀ** ਤੋਂ ਸੇਧ ਲੈਣ ਦੀ ਪ੍ਰੇਰਨਾ ਕਰਦੇ ਹਨ। ਸੰਸਥਾ ਇਹ ਸਟੀਕ ਸਾਹਿਬ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸੰਗਤਾਂ ਨੂੰ ਅਰਪਣ ਕਰ ਰਹੀ ਹੈ। ਅੰਤ ਵਿਚ ਮੈਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਚਰਨਾਂ ਵਿਚ ਇਹ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਜੀ ਇਨ੍ਹਾਂ ਮਿਸ਼ਨਰੀ ਪ੍ਰਚਾਰਕਾਂ ਦੀਆਂ ਸ਼ੁੱਭ ਭਾਵਨਾਵਾਂ ਨੂੰ ਪੂਰੀਆਂ ਕਰਨ ਤੇ ਇਨ੍ਹਾਂ 'ਤੇ ਹਮੇਸ਼ਾ ਆਪਣਾ ਮਿਹਰ ਭਰਿਆ ਹੱਥ ਰੱਖਣ।

ਗੁਰੂ ਚਰਨਾਂ ਦਾ ਦਾਸ



ਸੂਬੇਦਾਰ ਹੰਸ ਰਾਜ
ਮੁਹੱਲਾ ਸ੍ਰੀ ਗੁਰੂ ਰਵਿਦਾਸ ਨਗਰ, ਭੋਗਪੁਰ ਜ਼ਿਲ੍ਹਾ ਜਲੰਧਰ
ਮੋ. 94656-26541

# ਅੰਮ੍ਰਿਤ ਰਸ ਬਾਣੀ ਸਬੰਧੀ ਬੇਨਤੀ

ਇਹ ਤੁਹਾਡੇ ਹਥਲੀ 'ਅੰਮ੍ਰਿਤ ਰਸ ਬਾਣੀ ਸਟੀਕ' ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਦਰਜ 40 ਸ਼ਬਦ ਅਤੇ 1 ਸਲੋਕ ਦੀ ਸੰਖੇਪ ਰੂਪ ਵਿਚ ਵਿਆਖਿਆ ਕੀਤੀ ਗਈ ਹੈ। ਪਹਿਲਾਂ ਸਾਰੀ ਬਾਣੀ ਦਿੱਤੀ ਗਈ ਹੈ ਅਤੇ ਉਸ ਤੋਂ ਬਾਅਦ ਸ਼ਬਦਾਂ ਦੇ ਲੜੀ ਨੰਬਰ ਅਨੁਸਾਰ ਇਕੱਲੇ-ਇਕੱਲੇ ਸ਼ਬਦ ਦੀ ਸੰਖੇਪ ਵਿਆਖਿਆ ਦਿੱਤੀ ਹੈ।

**ਅੰਮ੍ਰਿਤ ਰਸ ਬਾਣੀ ਦੇ ਸਟੀਕ ਸਾਹਿਬ ਦਾ ਰੱਖ-ਰਖਾਓ ਅਤੇ ਨਿਤਨੇਮ** - ਇਸ ਸਟੀਕ ਸਾਹਿਬ ਨੂੰ ਸਾਫ਼ ਅਤੇ ਸੁੰਦਰ ਕੱਪੜੇ ਵਿਚ ਲਪੇਟ ਕੇ, ਸਟੀਕ ਸਾਹਿਬ ਪੜ੍ਹਨ ਵਾਲੀ ਪੀੜ੍ਹੀ 'ਤੇ ਸਜਾ ਕੇ, ਕਿਸੇ ਉੱਚੀ ਅਤੇ ਸਾਫ਼ ਥਾਂ 'ਤੇ ਰੱਖੋ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਜਾਂ ਹੱਥ-ਮੂੰਹ ਧੋ ਕੇ ਇਸ ਪਾਵਨ ਬਾਣੀ 'ਚੋਂ ਉੱਚੀ ਆਵਾਜ਼ ਵਿਚ ਸ਼ਬਦ ਪੜ੍ਹੋ। ਆਪਣੀ ਸ਼ਰਧਾ ਤੇ ਸਮੇਂ ਅਨੁਸਾਰ ਸ਼ਬਦ ਪੰਜ, ਗਿਆਰਾਂ, ਇੱਕੀ ਜਾਂ ਸਾਰੇ ਸ਼ਬਦ ਹੀ ਪੜ੍ਹੇ ਜਾ ਸਕਦੇ ਹਨ। ਸ਼ਬਦ ਪੜ੍ਹਨ ਤੋਂ ਬਾਅਦ ਸਤਿਨਾਮ ਦਾ ਸਿਮਰਨ ਕਰੋ ਅਤੇ ਫਿਰ ਅਰਦਾਸ ਕਰੋ। ਸ਼ਾਮ ਨੂੰ ਵੀ ਇਸੇ ਤਰ੍ਹਾਂ ਹੀ ਕਰੋ। ਇਹ ਨਿਤਨੇਮ ਹਰ ਰੋਜ਼ ਨਿਯਤ ਸਮੇਂ 'ਤੇ ਹੀ ਕਰੋ।

**ਇਸ ਸਟੀਕ ਸਾਹਿਬ ਵਿਚ ਆਪਣੀ ਸੰਸਥਾ, ਪਿੰਡ ਜਾਂ ਗੁਰੂ ਘਰ ਦਾ ਇਤਿਹਾਸ ਛਪਾਓ** - ਜੇਕਰ ਤੁਸੀਂ ਇਹ ਸਟੀਕ ਸਾਹਿਬ ਸੰਗਤਾਂ ਨੂੰ ਮੁਫ਼ਤ ਵੰਡਣਾ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 10/- ਰੁ. ਦੇ ਹਿਸਾਬ ਨਾਲ ਮਿਲ ਸਕਦੇ ਹੈ। ਇਸ



ਵਿਚ ਤੁਹਾਡੇ ਨਗਰ ਦੇ ਗੁਰੂ ਘਰ ਦੀ ਫੋਟੋ ਤੇ ਜਾਣਕਾਰੀ, ਪਿੰਡ ਜਾਂ ਤੁਹਾਡੀ ਸੰਸਥਾ ਦੀ ਜਾਣਕਾਰੀ ਅਤੇ ਗਤੀਵਿਧੀਆਂ ਪ੍ਰਕਾਸ਼ਿਤ ਕੀਤੀਆਂ ਜਾ ਸਕਦੀਆਂ ਹਨ। ਤੁਸੀਂ ਘਰ ਬੈਠੇ ਹੀ 50 ਰੁਪਏ ਵਿਚ ਤਿੰਨ ਸਟੀਕ ਸਾਹਿਬ ਮੰਗਵਾ ਸਕਦੇ ਹੋ। ਇਸ ਵਾਸਤੇ ਤੁਸੀਂ ਸੰਸਥਾ ਦੇ ਮੋਬਾਇਲ ਨੰਬਰ 98154-85844 'ਤੇ ਸੰਪਰਕ ਕਰੋ।

# ਗੁਰਬਾਣੀ ਮਹਾਂਕੁੰਭ ਦੇ ਪ੍ਰਚਾਰਕ ਦਾਨੀ ਸੱਜਣ

ਜੇਕਰ ਕਿਸੇ ਨਿਰਧਨ ਨੂੰ ਧਨ ਦਾ ਦਾਨ ਦਿੱਤਾ ਜਾਵੇ ਤਾਂ ਉਹ ਉਸ ਨੂੰ ਦੋ-ਚਾਰ ਦਿਨਾਂ ਜਾਂ ਮਹੀਨਿਆਂ ਵਿਚ ਖਰਚ ਕੇ ਖਤਮ ਕਰ ਲਵੇਗਾ ਅਤੇ ਫਿਰ ਨਿਰਧਨ ਭਾਵ ਗਰੀਬ ਹੋ ਜਾਵੇਗਾ। ਜੇਕਰ ਕਿਸੇ ਭੁੱਖੇ ਨੂੰ ਅੰਨ ਦਾ ਦਾਨ ਦਿੱਤਾ ਜਾਵੇ ਤਾਂ ਉਹ ਉਸ ਅੰਨ ਨਾਲ ਭੁੱਖ ਤਾਂ ਮਿਟਾ ਲਵੇਗਾ ਪਰ ਕੁਝ ਦਿਨਾਂ ਬਾਅਦ ਜਦ ਉਹ ਅੰਨ ਖਤਮ ਹੋ ਗਿਆ ਤਾਂ ਫਿਰ ਭੁੱਖਾ ਹੋ ਜਾਵੇਗਾ, ਪਰ ਜੇਕਰ ਕਿਸੇ ਨੂੰ ਗਿਆਨ ਦਾ ਦਾਨ ਦਿੱਤਾ ਜਾਵੇ ਤਾਂ ਉਸ ਦਾ ਉਹ ਗਿਆਨ ਕਦੇ ਵੀ ਖਤਮ ਨਹੀਂ ਹੋਵੇਗਾ ਭਾਵੇਂ ਉਹ ਉਸ ਨੂੰ ਜਿੰਨਾ ਮਰਜ਼ੀ ਵਰਤ ਲਵੇ ਉਸ ਵਿਚ ਸਗੋਂ ਵਾਧਾ ਹੀ ਹੋਵੇਗਾ ਇਥੋਂ ਤੱਕ ਕਿ ਉਹ ਆਪ ਗਿਆਨ ਦਾ ਦਾਨੀ ਬਣ ਜਾਵੇਗਾ। ਇਕ ਜਗਦੇ ਹੋਏ ਦੀਵੇ ਨਾਲ ਅਸੀਂ ਹੋਰ ਅਣਗਿਣਤ ਦੀਵੇ ਜਗਾ ਸਕਦੇ ਹਾਂ। ਅਸਲ ਵਿਚ ਗਰੀਬੀ, ਭੁੱਖਮਰੀ ਅਤੇ ਗੁਲਾਮੀ ਆਦਿ ਦੀ ਜੜ੍ਹ ਅਗਿਆਨਤਾ ਹੀ ਹੈ। ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਰਸ ਬਾਣੀ ਜਿੱਥੇ ਮਨੁੱਖਤਾ ਨੂੰ

ਪਾਰਬ੍ਰਹਮ ਨਾਲ ਜੋੜਦੀ ਹੈ ਉਥੇ ਉਸ ਦਾ ਸਮਾਜਿਕ, ਆਰਥਿਕ ਜੀਵਨ ਵੀ ਉੱਚਾ, ਖੁਸ਼ਹਾਲ ਅਤੇ ਸਨਮਾਨਜਨਕ ਬਣਾਉਂਦੀ ਹੈ। ਜੋ ਮਨੁੱਖ ਸ੍ਰੀ ਗੁਰੂ ਰਵਿਦਾਸ ਵਿਚਾਰਧਾਰਾ ਦਾ ਧਾਰਨੀ ਹੈ। ਦੁਨੀਆ ਦੀ ਕੋਈ ਸ਼ਕਤੀ ਉਸ ਨੂੰ ਤਰੱਕੀ ਕਰਨ ਤੋਂ ਰੋਕ ਨਹੀਂ ਸਕਦੀ। ਸੋ ਧੰਨ ਹਨ ਉਹ ਦਾਨੀ ਸੱਜਣ ਜਿਨ੍ਹਾਂ ਨੇ ਗੁਰੂ ਰਵਿਦਾਸ ਬਾਣੀ ਦੇ ਇਸ ਸਟੀਕ ਸਾਹਿਬ ਛਪਵਾਉਣ ਵਿਚ ਆਪਣੇ ਧਨ ਦਾ ਯੋਗਦਾਨ ਪਾਇਆ ਹੈ। ਸੰਸਥਾ ਧੰਨਵਾਦੀ ਹੈ ਸੂਬੇਦਾਰ ਹੰਸ ਰਾਜ, ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਵਾਲਿਆਂ ਦਾ ਜਿਨ੍ਹਾਂ ਨੇ ਇਸ ਸਟੀਕ ਸਾਹਿਬ ਨੂੰ ਪੜ੍ਹਿਆ ਅਤੇ ਇਸ ਸੰਬੰਧੀ ਮੁੱਖ ਬੰਦ ਲਿਖਿਆ ਅਤੇ ਆਰਥਿਕ ਸਹਿਯੋਗ ਵੀ ਦਿੱਤਾ। ਧੰਨਵਾਦ ਹੈ ਰਿਟਾਇਰਡ ਪੋਸਟ ਮਾਸਟਰ ਸ੍ਰੀ ਤੋਤਾ ਮੱਲ ਪਿੰਡ ਆਹਨਖੇੜੀ, ਮਾਲੇਰਕੋਟਲਾ, ਡਾ. ਹਰਿੰਦਰਪਾਲ ਸਿੰਘ ਸਿਟੀ ਡੈਂਟਲ ਕਲੀਨਿਕ ਐਂਡ ਇੰਪਲਾਟ ਸੈਂਟਰ ਭੋਗਪੁਰ, ਸ੍ਰੀ ਦਲਜੀਤ ਸਿੰਘ ਵਿੱਕੀ ਪਿੰਡ ਖਾਨਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਸ੍ਰੀ ਤਜਿੰਦਰ ਦਕੋਹਾ, ਜਸਵੰਤ ਰਾਏ ਫਗਵਾੜਾ, ਜਤਿੰਦਰ ਸੋਨੂੰ, ਨਰੇਸ਼ ਕੁਮਾਰ ਤੇ ਅਸ਼ੋਕ ਕੁਮਾਰ ਪਿੰਡ ਬੋਹਣ ਜ਼ਿਲ੍ਹਾ ਹੁਸ਼ਿਆਰਪੁਰ, ਸ੍ਰੀ ਗੁਰਮੇਲ ਸਿੰਘ ਪਿੰਡ ਬਜ਼ਰੌਰ (ਚੱਬੇਵਾਲ), ਸਰਪੰਚ ਸੁਖਚੈਨ ਖਰਲ, ਸ੍ਰੀ ਕਸ਼ਮੀਰੀ ਲਾਲ ਪੰਡੋਰੀ ਨਿੱਝਰਾਂ, ਸ੍ਰੀ ਤਰਸੇਮ ਲਾਲ ਤੇ ਸ੍ਰੀ ਕੁਲਦੀਪ ਰਾਮ ਪਿੰਡ ਗੇਹਲੜਾਂ, ਜ਼ਿਲ੍ਹਾ ਜਲੰਧਰ। ਉਮੀਦ ਹੈ ਕਿ ਇਹ ਅਤੇ ਹੋਰ ਦਾਨੀ ਸੱਜਣ ਗੁਰਬਾਣੀ ਦੇ ਇਸ ਪ੍ਰਚਾਰ ਮਹਾਂਕੁੰਭ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣਗੇ।



## ਸੰਸਥਾ ਨੂੰ ਸਹਿਯੋਗ ਦੀ ਬੇਨਤੀ

ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਲਈ ਕੀਤੇ ਜਾਂਦੇ ਸਾਰੇ ਕਾਰਜ ਸੰਸਥਾ ਦੇ ਮੈਂਬਰਾਂ ਦੇ ਸਾਲਾਨਾ ਚੰਦੇ, ਕੌਮੀ ਦਰਦਮੰਦਾਂ ਅਤੇ ਗੁਰੂ ਮਿਸ਼ਨ ਪ੍ਰੇਮੀਆਂ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹਦੇ ਹਨ। ਸੰਸਥਾ ਦੇ ਬਹੁਤ ਸਾਰੇ ਅਜਿਹੇ ਕਾਰਜ ਅਜੇ ਅਧੂਰੇ ਪਏ ਹਨ। ਸੋ, ਆਪ ਸਭ ਨੂੰ ਪੁਰਜ਼ੋਰ ਬੇਨਤੀ ਹੈ ਕਿ ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਮੱਦਦ ਦਿਓ ਤਾਂ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਇਆ ਜਾ ਸਕੇ। ਇਸ ਵਾਸਤੇ ਤੁਸੀਂ ਮਨੀਆਰਡਰ, ਚੈੱਕ, ਬੈਂਕ ਡਰਾਫਟ ਜਾਂ ਸੰਸਥਾ ਦੇ ਬੈਂਕ ਅਕਾਊਂਟ ਵਿਚ ਸਿੱਧੇ ਹੀ ਸੇਵਾ ਪਾ ਸਕਦੇ ਹੋ। ਤੁਸੀਂ ਮੋਬਾਇਲ ਫ਼ੋਨ ਰੀਚਾਰਜ ਦੁਕਾਨ 'ਤੇ ਜਾ ਕੇ ਮੋਬਾਇਲ ਫ਼ੋਨ ਪੈਸਾ ਟਰਾਂਸਫਰ ਜ਼ਰੀਏ ਵੀ ਸੰਸਥਾ ਦੇ ਅਕਾਊਂਟ ਵਿਚ ਬਹੁਤ ਘੱਟ ਖਰਚੇ ਦੁਆਰਾ ਪੈਸੇ ਭੇਜ ਸਕਦੇ ਹੋ। ਇਸ ਤਰੀਕੇ ਨਾਲ ਘੱਟ ਤੋਂ ਘੱਟ ਰਾਸ਼ੀ ਵੀ ਭੇਜੀ ਜਾ ਸਕਦੀ ਹੈ। ਸੰਸਥਾ ਦੇ ਬੈਂਕ ਅਕਾਊਂਟ ਸਬੰਧੀ ਵੇਰਵਾ ਇਸ ਪ੍ਰਕਾਰ ਹੈ -

**SRI GURU RAVIDASS MISSION**
**PARCHAR SANSTHA PUNJAB (Regd.)**
**V.P.O. BINPALKE, VIA. BHOGPUR, DISTT. JAL.**
**ACCOUNT NO. 32717505525**
**STATE BANK OF INDIA (BHOGPUR)**
**IFS Code No. SBIN0010122**

## ਸ਼ਬਦ = 1

ਸਿਰੀਰਾਗੁ ਬਾਣੀ ਸ੍ਰੀ ਰਵਿਦਾਸ ਜੀ ਕੀ ॥

ੴ ਸਤਿਗੁਰ ਪ੍ਰਸਾਦਿ ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ (ਪੰਨਾ 93)

## ਸ਼ਬਦ = 2

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥
ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥



ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥
ਚਰਣ ਨ ਛਾਡਉ ਸਰੀਰ ਕਲ ਜਾਈ ॥੨॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥
(ਪੰਨਾ 345)

## ਸ਼ਬਦ = 3

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (ਪੰਨਾ 345)

## ਸ਼ਬਦ = 4

ੴ ਸਤਿਗੁਰ ਪ੍ਰਸਾਦਿ ॥

ਗਉੜੀ ਬੈਰਾਗਣਿ ਰਵਿਦਾਸ ਜੀਉ ॥

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧ ॥
ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ ॥੧ ॥ ਰਹਾਉ ॥
ਹਉ ਬਨਜਾਰੋ ਰਾਮ ਕੋ ਸਹਜ ਕਰਉ ਬੵਾਪਾਰੁ ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨ ॥
ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥
ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩ ॥
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ ॥੪ ॥੧ ॥ (ਪੰਨਾ 345)

## ਸ਼ਬਦ = 5

ਗਾਉੜੀ ਪੂਰਬੀ ਰਵਿਦਾਸ ਜੀਉ

ੴ ਸਤਿਗੁਰ ਪ੍ਰਸਾਦਿ ॥

ਕੂਪ ਭਰਿਓ ਜੈਸੇ ਦਾਦਿਰਾ
ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ
ਕਛੁ ਆਰਾ ਪਾਰੁ ਨ ਸੂਝ ॥੧ ॥
ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ ॥੧ ॥ ਰਹਾਉ ॥
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨ ॥
ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩ ॥੧ ॥
(ਪੰਨਾ 346)

## ਸ਼ਬਦ = 6

ਗਉੜੀ ਬੈਰਾਗਣਿ

ੴ ਸਤਿਗੁਰ ਪ੍ਰਸਾਦਿ ॥

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧ ॥
ਪਾਰੁ ਕੈਸੇ ਪਾਇਬੋ ਰੇ ॥
ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥੧ ॥ ਰਹਾਉ ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥

ਕਵਨ ਕਰਮ ਤੇ ਛੂਟੀਐ
ਜਿਹ ਸਾਧੇ ਸਭ ਸਿਧਿ ਹੋਇ ॥੨॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥
ਬਾਹਰੁ ਉਦਕਿ ਪਖਾਰੀਐ
ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ
ਸੁਚ ਕੁੰਚਰ ਬਿਧਿ ਬਿਉਹਾਰ ॥੪॥
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥
ਭਗਤਿ ਜੁਗਤਿ ਮਤਿ ਸਤਿ ਕਰੀ
ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ
ਗੁਨ ਨਿਰਗੁਨ ਏਕ ਬਿਚਾਰ ॥੭॥
ਅਨਿਕ ਜਤਨ ਨਿਗ੍ਰਹ ਕੀਏ
ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ
ਤਾ ਤੇ ਰਵਿਦਾਸ ਉਦਾਸ ॥੮॥੧॥ (ਪੰਨਾ 346)



## ਸ਼ਬਦ = 7

*"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਰਾਗੁ ਆਸਾ ਬਾਣੀ ਭਗਤਾ ਕੀ
ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥"*

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥
ਮਾਧੋ ਅਬਿਦਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥੧॥ ਰਹਾਉ ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ
ਤਪਨ ਤਪੁ ਗੁਰ ਗਿਆਨ ॥
ਭਗਤ ਜਨ ਭੈ ਹਰਨ
ਪਰਮਾਨੰਦ ਕਰਹੁ ਨਿਦਾਨ ॥੪॥੧॥ (ਪੰਨਾ 486)

## ਸ਼ਬਦ = 8

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥
ਸੰਤ ਆਚਰਣ ਸੰਤ ਚੋ ਮਾਰਗੁ
ਸੰਤ ਚ ਓਲ੍ਹਗ ਓਲ੍ਹਗਣੀ ॥੨॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥
ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥
ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥ (ਪੰਨਾ 486)

## ਸ਼ਬਦ = 9

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥
ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥
ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ



ਜੈਸੇ ਮਧੁਪ ਮਖੀਰਾ ॥੨॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ
ਕਹਿ ਰਵਿਦਾਸ ਚਮਾਰਾ ॥੩॥੩॥ (ਪੰਨਾ486)

## ਸ਼ਬਦ = 10

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ ॥
ਪਾਨ ਕਰਤ ਪਾਇਓ
ਪਾਇਓ ਰਾਮਈਆ ਧਨੁ ॥੧॥ ਰਹਾਉ ॥
ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥
(ਪੰਨਾ 486)

## ਸ਼ਬਦ = 11

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥
ਹਰਿ ਕੇ ਨਾਮ ਕਬੀਰ ਉਜਾਗਰ ॥

ਜਨਮ ਜਨਮ ਕੇ ਕਾਟੇ ਕਾਗਰ ॥੧ ॥
ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀ ਆਇਆ ॥੨ ॥
ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩ ॥੫ ॥

(ਪੰਨਾ 487)

## ਸ਼ਬਦ = 12

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧ ॥ ਰਹਾਉ ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧ ॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨ ॥
ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥੩ ॥੬ ॥

(ਪੰਨਾ 487)

## ਸ਼ਬਦ = 13

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩
ੴ ਸਤਿਗੁਰ ਪ੍ਰਸਾਦਿ ॥
ਦੂਧੁ ਤ ਬਛਰੈ ਥਨਹੁ ਬਿਟਾਰਿਓ ॥



ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧ ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨਾ ਫੂਲੁ ਅਨੂਪੁ ਨ ਪਾਵਉ ॥੧ ॥ ਰਹਾਉ ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨ ॥
ਧੂਪ ਦੀਪ ਨਈਬੇਦਹਿ ਬਾਸਾ ॥
ਕੈਸੇ ਪੂਜ ਕਰਹਿ ਤੇਰੀ ਦਾਸਾ ॥੩ ॥
ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥੪ ॥
ਪੂਜਾ ਅਰਚਾ ਆਹਿ ਨ ਤੋਰੀ ॥
ਕਹਿ ਰਵਿਦਾਸ ਕਵਨ ਗਤਿ ਮੋਰੀ ॥੫ ॥੧ ॥

(ਪੰਨਾ 525)

## ਸ਼ਬਦ = 14

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ ॥
ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਿਰ ਮਇ ਓਦਧਿ
ਜਲ ਕੇਵਲ ਜਲ ਮਾਂਹੀ ॥੧ ॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧ ॥ ਰਹਾਉ ॥

ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ ॥੨ ॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਤੇ ਕਹਨੁ ਨ ਆਇਆ ॥੩ ॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪ ॥੧ ॥
(ਪੰਨਾ 657)

## ਸ਼ਬਦ = 15

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ
ਹਮ ਛੂਟੇ ਤੁਮ ਆਰਾਧੇ ॥੧ ॥
ਮਾਧਵੇ ਜਾਨਤ ਹਹੁ ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥੧ ॥ ਰਹਾਉ ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ
ਤਊ ਨ ਬਿਸਰਿਓ ਪਾਨੀ ॥੨ ॥



ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ
ਭਗਤ ਨਹੀ ਸੰਤਾਪਾ ॥੩ ॥
ਕਹਿ ਰਵਿਦਾਸ ਭਗਤਿ ਇਕ ਬਾਢੀ
ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ
ਸੋ ਦੁਖੁ ਅਜਹੂ ਸਹੀਐ ॥੪ ॥੨ ॥ (ਪੰਨਾ 658)

## ਸ਼ਬਦ = 16

ਦੂਲਭ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ ॥
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧ ॥
ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥
ਜਿਹ ਰਸ ਅਨ ਰਸ ਬੀਸਰਿ ਜਾਹੀ ॥੧ ॥ ਰਹਾਉ ॥
ਜਾਨਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ
ਪਰਮਾਰਥ ਪਰਵੇਸ ਨਹੀ ॥੨ ॥
ਕਹੀਅਤ ਆਨ ਅਚਰੀਅਤ ਅਨ ਕਛੁ

ਸਮਝ ਨ ਪਰੈ ਅਪਰ ਮਾਇਆ ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥

(ਪੰਨਾ 658)

## ਸ਼ਬਦ = 17

ਸੁਖ ਸਾਗਰੁ ਸੁਰਤਰ ਚਿੰਤਾਮਨਿ
ਕਾਮਧੇਨੁ ਬਸਿ ਜਾ ਕੇ ॥
ਚਾਰਿ ਪਦਾਰਥ ਅਸਟ ਦਸਾ ਸਿਧਿ
ਨਵ ਨਿਧਿ ਕਰ ਤਲ ਤਾ ਕੇ ॥੧॥
ਹਰਿ ਹਰਿ ਹਰਿ ਨ ਜਪਹਿ ਰਸਨਾ ॥
ਅਵਰ ਸਭ ਤਿਆਗਿ ਬਚਨ ਰਚਨਾ ॥੧॥ ਰਹਾਉ ॥
ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅਖਰ ਮਾਂਹੀ ॥
ਬਿਆਸ ਬਿਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ ॥੨॥
ਸਹਜ ਸਮਾਧਿ ਉਪਾਧਿ ਰਹਤ ਫੁਨਿ
ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ
ਜਨਮ ਮਰਨ ਭੈ ਭਾਗੀ ॥੩॥੪॥ (ਪੰਨਾ 658)



## ਸ਼ਬਦ = 18

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥
ਜਹ ਜਹ ਜਾਉ ਤਹਾ ਤੇਰੀ ਸੇਵਾ ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥
ਤੁਮਰੇ ਭਜਨ ਕਟਹਿ ਜਮ ਫਾਂਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥ (ਪੰਨਾ 658)

## ਸ਼ਬਦ = 19

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥

ਰਾਖਹੁ ਕੰਧ ਉਸਾਰਹੁ ਨੀਵਾਂ ॥
ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥
ਬੰਕੇ ਬਾਲ ਪਾਗ ਸਿਰਿ ਡੇਰੀ ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥
ਊਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨੁ ਬਾਜੀ ਹਾਰੀ ॥੪॥
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ
ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ
ਕਹਿ ਰਵਿਦਾਸ ਚਮਾਰਾ ॥੫॥੬॥ (ਪੰਨਾ 659)

## ਸ਼ਬਦ = 20

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥੧॥ ਰਹਾਉ ॥
ਆਰ ਨਹੀ ਜਿਹ ਤੋਪਉ ॥
ਨਹੀ ਰਾਂਬੀ ਠਾਉ ਰੋਪਉ ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
ਰਵਿਦਾਸੁ ਜਪੈ ਰਾਮ ਨਾਮਾ ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥ (ਪੰਨਾ 659)



## ਸ਼ਬਦ = 21

ਧਨਾਸਰੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥
ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥ ਰਹਾਉ ॥
ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ ॥੨॥੧॥ (ਪੰਨਾ 694)

## ਸ਼ਬਦ = 22

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥
ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥ (ਪੰਨਾ 694)

## ਸ਼ਬਦ = 23

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ
ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥



ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

(ਪੰਨਾ 694)

## ਸ਼ਬਦ = 24

ਜੈਤਸਰੀ ਬਾਣੀ ਭਗਤਾ ਕੀ

ੴ ਸਤਿਗੁਰ ਪ੍ਰਸਾਦਿ ॥
ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥

ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥

(ਪੰਨਾ 710)

## ਸ਼ਬਦ = 25

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥੧॥
ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥
ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥
ਪੁਰ ਸਲਾਤ ਕਾ ਪੰਥੁ ਦੁਹੇਲਾ ॥



ਸੰਗਿ ਨ ਸਾਥੀ ਗਵਨੁ ਇਕੇਲਾ ॥੨॥
ਦੁਖੀਆ ਦਰਦਵੰਦੁ ਦਰਿ ਆਇਆ ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥(ਪੰਨਾ 793)

## ਸ਼ਬਦ = 26

ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥
ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥
ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥
ਜਨਮੁ ਸਿਰਾਨੋ ਪੰਥੁ ਨ ਸਵਾਰਾ ॥
ਸਾਂਝ ਪਰੀ ਦਹ ਦਿਸ ਅੰਧਿਆਰਾ ॥
ਕਹਿ ਰਵਿਦਾਸ ਨਿਦਾਨਿ ਦਿਵਾਨੇ ॥
ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥(ਪੰਨਾ 793)

## ਸ਼ਬਦ = 27

ਊਚੇ ਮੰਦਰ ਸਾਲ ਰਸੋਈ ॥
ਏਕ ਘਰੀ ਫੁਨਿ ਰਹਨੁ ਨ ਹੋਈ ॥੧॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥
ਭਾਈ ਬੰਧ ਕੁਟੰਬ ਸਹੇਰਾ ॥
ਓਇ ਭੀ ਲਾਗੇ ਕਾਢੁ ਸਵੇਰਾ ॥੨॥
ਘਰ ਕੀ ਨਾਰਿ ਉਰਹਿ ਤਨ ਲਾਗੀ ॥
ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥
ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥

(ਪੰਨਾ 794)

## ਸ਼ਬਦ = 28

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ੴ ਸਤਿਗੁਰ ਪ੍ਰਸਾਦਿ ॥

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥



ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥
ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥੧॥

(ਪੰਨਾ 858)

## ਸ਼ਬਦ = 29

ਜਿਹ ਕੁਲ ਸਾਧੁ ਬੈਸਨੌ ਹੋਇ ॥
ਬਰਨ ਅਬਰਨ ਰੰਕੁ ਨਹੀ ਈਸੁਰੁ
ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥
ਬ੍ਰਹਮਨ ਬੈਸ ਸੂਦ ਅਰੁ ਖ੍ਯ੍ਯਤ੍ਰੀ
ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ
ਆਪੁ ਤਾਰਿ ਤਾਰੇ ਕੁਲ ਦੋਇ ॥੧॥
ਧੰਨਿ ਸੁ ਗਾਉ ਧੰਨਿ ਸੋ ਠਾਉ
ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ
ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥

ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰਿ ਅਉਰੁ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ
ਭਨਿ ਰਵਿਦਾਸ ਜਨਮੇ ਜਗਿ ਓਇ ॥੩ ॥੨ ॥

(ਪੰਨਾ 858)

## ਸ਼ਬਦ = 30

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਮੁਕੰਦ ਮੁਕੰਦ ਜਪਹੁ ਸੰਸਾਰ ॥
ਬਿਨੁ ਮੁਕੰਦ ਤਨੁ ਹੋਇ ਅਉਹਾਰ ॥
ਸੋਈ ਮੁਕੰਦੁ ਮੁਕਤਿ ਕਾ ਦਾਤਾ ॥
ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧ ॥
ਜੀਵਤ ਮੁਕੰਦੇ ਮਰਤ ਮੁਕੰਦੇ ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥੧ ॥ ਰਹਾਉ ॥
ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ਨੀਸਾਨੰ ॥
ਸੇਵ ਮੁਕੰਦ ਕਰੈ ਬੈਰਾਗੀ ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨ ॥
ਏਕ ਮੁਕੰਦੁ ਕਰੈ ਉਪਕਾਰੁ ॥ ਹਮਰਾ ਕਹਾ ਕਰੈ ਸੰਸਾਰੁ ॥



ਮੇਟੀ ਜਾਤਿ ਹੂਏ ਦਰਬਾਰਿ ॥
ਤੁਹੀ ਮੁਕੰਦ ਜੋਗ ਜੁਗ ਤਾਰਿ ॥੩ ॥
ਉਪਜਿਓ ਗਿਆਨੁ ਹੂਆ ਪਰਗਾਸ ॥
ਕਰਿ ਕਿਰਪਾ ਲੀਨੇ ਕੀਟ ਦਾਸ ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥
ਜਪਿ ਮੁਕੰਦ ਸੇਵਾ ਤਾਹੂ ਕੀ ॥੪ ॥੧ ॥

(ਪੰਨਾ 875)

## ਸ਼ਬਦ = 31

ਜੇ ਓਹੁ ਅਠਸਠਿ ਤੀਰਥ ਨ੍ਾਵੈ ॥
ਜੇ ਓਹੁ ਦੁਆਦਸ ਸਿਲਾ ਪੁਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥੧ ॥
ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ ॥੧ ॥ ਰਹਾਉ ॥
ਜੇ ਓੁਹ ਗ੍ਰਹਨ ਕਰੈ ਕੁਲਖੇਤਿ ॥
ਅਰਪੈ ਨਾਰਿ ਸੀਗਾਰ ਸਮੇਤਿ ॥
ਸਗਲੀ ਸਿੰਮ੍ਰਿਤ ਸ੍ਰਵਨੀ ਸੁਨੈ ॥
ਕਰੈ ਨਿੰਦ ਕਵਨੈ ਨਹੀ ਗੁਨੈ ॥੨ ॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥

ਭੂਮਿ ਦਾਨ ਸੋਭਾ ਮੰਡਪਿ ਪਾਵੈ ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥੩ ॥
ਨਿੰਦਾ ਕਹਾ ਕਰਹੁ ਸੰਸਾਰਾ ॥
ਨਿੰਦਕ ਕਾ ਪਰਗਟਿ ਪਾਹਾਰਾ ॥
ਨਿੰਦਕ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪ ॥੨ ॥

(ਪੰਨਾ 875)

## ਸ਼ਬਦ = 32

### ਰਾਮਕਲੀ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਪੜੀਐ ਗੁਨੀਐ ਨਾਮੁ ਸਭੁ ਸੁਨੀਐ,
ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ
ਜਉ ਪਾਰਸਹਿ ਨ ਪਰਸੈ ॥੧ ॥
ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ
ਇਨ ਪੰਚਹੁ ਮਿਲਿ ਲੂਟੇ ॥੧ ॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥



ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ ॥੨ ॥
ਕਹੁ ਰਵਿਦਾਸ ਸਭੈ ਨਹੀ ਸਮਝਸਿ
ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ
ਜੀਵਨ ਪ੍ਰਾਨ ਧਨ ਮੋਰੇ ॥੩ ॥੧ ॥

(ਪੰਨਾ 973)

## ਸ਼ਬਦ = 33

### ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ
ਮਾਥੈ ਛਤ੍ਰੁ ਧਰੈ ॥੧ ॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧ ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ ॥੨ ॥੧ ॥ (ਪੰਨਾ 1106)

## ਸ਼ਬਦ = 34

ਸੁਖ ਸਾਗਰ ਸੁਰਿਤਰੁ ਚਿੰਤਾਮਨਿ
ਕਾਮਧੇਨ ਬਸਿ ਜਾ ਕੇ ਰੇ ॥
ਚਾਰਿ ਪਦਾਰਥ ਅਸਟ ਮਹਾ ਸਿਧ
ਨਵ ਨਿਧਿ ਕਰ ਤਲ ਤਾ ਕੈ ॥੧ ॥
ਹਰਿ ਹਰਿ ਹਰਿ ਨ ਜਪਸਿ ਰਸਨਾ ॥
ਅਵਰ ਸਭ ਛਾਡਿ ਬਚਨ ਰਚਨਾ ॥੧ ॥ ਰਹਾਉ ॥
ਨਾਨਾ ਖਿਆਨ ਪੁਰਾਨ ਬੇਦ ਬਿਧਿ
ਚਉਤੀਸ ਅਛਰ ਮਾਹੀ ॥
ਬਿਆਸ ਬੀਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ ॥੨ ॥
ਸਹਜ ਸਮਾਧਿ ਉਪਾਧਿ ਰਹਤ ਹੋਇ
ਬਡੇ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਜਨਮ ਮਰਨ ਭੈ ਭਾਗੀ ॥੩ ॥੨ ॥

(ਪੰਨਾ 1106)



## ਸ਼ਬਦ = 35

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਖਟੁ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੈ ਨਾਹਿ ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ ॥੧ ॥
ਰੇ ਚਿਤ ਚੇਤਿ ਚੇਤ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ
ਰਾਮ ਭਗਤਿ ਬਿਸੇਖ ॥੧ ॥ ਰਹਾਉ ॥
ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨ ॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ
ਗਏ ਹਰਿ ਕੈ ਪਾਸਿ ॥
ਐਸੇ ਦੁਰਮਤਿ ਨਿਸਤਰੇ
ਤੂ ਕਿਉ ਨ ਤਰਹਿ ਰਵਿਦਾਸ ॥੩ ॥੧ ॥

(ਪੰਨਾ 1124)

## ਸ਼ਬਦ = 36

ਭੈਰਉ ਬਾਣੀ ਰਵਿਦਾਸ ਜੀਉ ਕੀ ਘਰ ੨

ੴ ਸਤਿਗੁਰ ਪ੍ਰਸਾਦਿ ॥

ਬਿਨੁ ਦੇਖੇ ਉਪਜੈ ਨਹੀ ਆਸਾ ॥
ਜੋ ਦੀਸੈ ਸੋ ਹੋਇ ਬਿਨਾਸਾ ॥
ਬਰਨ ਸਹਿਤ ਜੋ ਜਾਪੈ ਨਾਮੁ ॥
ਸੋ ਜੋਗੀ ਕੇਵਲ ਨਿਹਕਾਮੁ ॥੧ ॥
ਪਰਚੈ ਰਾਮੁ ਰਵੈ ਜਉ ਕੋਈ ॥
ਪਾਰਸੁ ਪਰਸੈ ਦੁਬਿਧਾ ਨ ਹੋਈ ॥੧ ॥ ਰਹਾਉ ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥
ਕਰਤਾ ਹੋਇ ਸੁ ਅਨਭੈ ਰਹੈ ॥੨ ॥
ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥੩ ॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥



ਜੀਵਤ ਮੁਕਤ ਸਦਾ ਨਿਰਬਾਨ ॥
ਕਹਿ ਰਵਿਦਾਸ ਪਰਮ ਬੈਰਾਗ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪ ॥੧ ॥ (ਪੰਨਾ 1167)

## ਸ਼ਬਦ = 37

ਬਸੰਤੁ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥
ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥੧ ॥
ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾਜੁ
ਤੂ ਤਿਸ ਤੇ ਖਰੀ ਉਤਾਵਲੀ ॥੧ ॥ ਰਹਾਉ ॥
ਜੈਸੇ ਕੁਰੰਕ ਨਹੀ ਪਾਇਓ ਭੇਦੁ ॥
ਤਨਿ ਸੁਗੰਧ ਢੂਢੈ ਪ੍ਰਦੇਸੁ ॥
ਅਪ ਤਨ ਕਾ ਜੋ ਕਰੇ ਬੀਚਾਰੁ ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨ ॥
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥
ਠਾਕੁਰੁ ਲੇਖਾ ਮਗਨਹਾਰੁ ॥ ਫੇੜੇ ਕਾ ਦੁਖੁ ਸਹੈ ਜੀਉ ॥

ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥
ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੋੁ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥

(ਪੰਨਾ 1196)

## ਸ਼ਬਦ = 38

### ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥
ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ ॥੨॥



ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥

(ਪੰਨਾ 1293)

## ਸ਼ਬਦ = 39

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥੧॥ ਰਹਾਉ ॥
ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ ॥੧॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ
ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ

ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥
(ਪੰਨਾ 1293)

## ਸ਼ਬਦ = 40

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥
ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥
ਮੈਲੇ ਕਪਰੇ ਕਹਾ ਲਉ ਧੋਵਉ ॥
ਆਵੈਗੀ ਨੀਦ ਕਹਾ ਲਗੁ ਸੋਵਉ ॥੧॥
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥
ਝੂਠੇ ਬਨਜਿ ਉਠਿ ਹੀ ਗਈ ਹਾਟਿਓ ॥੨॥
ਕਹੁ ਰਵਿਦਾਸ ਭਇਓ ਜਬ ਲੇਖੋ ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥
(ਪੰਨਾ 1293)

## ਸਲੋਕ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥
(ਪੰਨਾ 1377)



# ਸਾਰੇ ਸ਼ਬਦਾਂ ਦੀ ਵਿਆਖਿਆ (ਸਟੀਕ)

## ਸ਼ਬਦ – 1

ਹੇ ਪ੍ਰਭ ! ਤੇਰੇ ਤੇ ਮੇਰੇ ਅਤੇ ਮੇਰੇ ਤੇ ਤੇਰੇ ਵਿਚ ਕੀ ਅੰਤਰ ਹੈ ? – ਅੰਤਰ ਸਿਰਫ਼ ਇਤਨਾ ਹੀ ਹੈ ਜਿਤਨਾ ਸੋਨਾ ਤੇ ਸੋਨੇ ਤੋਂ ਬਣੇ ਕੜੇ ਅਤੇ ਜਲ ਤੇ ਜਲ ਉੱਤੇ ਪੈਦਾ ਤਰੰਗ ਵਿਚ ਹੈ ॥੧॥ ਹੇ ਪ੍ਰਭ ! ਜੇਕਰ ਅਸੀਂ ਪਾਪ ਨਾ ਕਰਦੇ ਤਾਂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਤੇਰਾ ਨਾਮ ਕਿਵੇਂ ਹੁੰਦਾ ॥੧॥ ਰਹਾਉ ॥ ਤੁਸੀਂ ਅੰਤਰਜਾਮੀ ਹੋ ! ਤੁਹਾਡੀ ਅਗਵਾਈ ਨਾਲ ਮਾਲਕ ਤੋਂ ਸੇਵਕ ਤੇ ਸੇਵਕ ਤੋਂ ਮਾਲਕ ਦੀ ਪਹਿਚਾਣ ਹੋ ਜਾਂਦੀ ਹੈ ॥੨॥ ਗੁਰੂ ਰਵਿਦਾਸ ਜੀ ਫ਼ੁਰਮਾਉਂਦੇ ਹਨ, ਹੇ ਪ੍ਰਭ ! ਮੈਨੂੰ ਤਨੋ–ਮਨੋ ਸਿਮਰਨ ਦੀ ਦਾਤ ਬਖਸ਼ੋ ਅਤੇ ਮੈਨੂੰ ਕੋਈ ਇਹ ਵੀ ਦੱਸੇ ਕਿ ਤੂੰ ਸਰਵ–ਵਿਆਪਕ ਹੈ ॥੩॥

## ਸ਼ਬਦ – 2

ਮੈਂ ਦਿਨੇ–ਰਾਤ ਇਹੀ ਚਿੰਤਾ ਵਿਚ ਹਾਂ ਕਿ ਭੈੜੇ ਵਿਕਾਰਾਂ ਦੀ ਸੰਗਤ ਕਾਰਨ ਮੇਰਾ ਕਰਮ ਭੈੜਾ ਹੈ। ਇਸ ਕਰਕੇ ਮੇਰਾ ਸਮੁੱਚਾ ਜੀਵਨ ਭੈੜਾ ਹੋ ਗਿਆ ਹੈ ॥੧॥ ਮੇਰੇ ਜੀਵਨ ਆਧਾਰ ! ਮੈਨੂੰ ਵਿਸਾਰੋ ਨਾ, ਮੈਂ ਤੁਹਾਡਾ ਸੇਵਕ ਹਾਂ ॥੧॥ ਰਹਾਉ ॥ ਮੇਰੇ ਵਿਕਾਰਾਂ ਦੀ ਬਿਪਤਾ ਦੂਰ ਕਰਕੇ ਮੈਨੂੰ ਉੱਤਮ ਬਣਾਉ। ਮੈਂ ਤੁਹਾਡੇ ਚਰਨ ਨਹੀਂ ਛੱਡਣੇ ਭਾਵੇਂ ਮੇਰੀ ਜਾਨ ਹੀ ਕਿਉਂ ਨਾ ਨਿਕਲ ਜਾਵੇ ॥੨॥ ਗੁਰੂ ਰਵਿਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਤੁਹਾਡੀ ਸ਼ਰਨ ਵਿਚ ਹਾਂ, ਮੈਨੂੰ ਜਲਦੀ ਦਰਸ਼ਨ ਦਿਓ ਜੀ ॥੩॥੧॥

## ਸ਼ਬਦ – 3

ਉਹ ਸ਼ਹਿਰ ਜਿੱਥੇ ਕਿਸੇ ਨੂੰ ਕੋਈ ਦੁੱਖ, ਚਿੰਤਾ, ਘਬਰਾਹਟ ਨਹੀਂ ਹੈ, ਉਸ ਦਾ ਨਾਂਅ ਬੇਗ਼ਮਪੁਰਾ ਹੈ – ਉੱਥੇ ਕਿਸੇ ਨੂੰ ਕੋਈ ਟੈਕਸ, ਡਰ, ਪੀੜਾ ਤੇ ਘਾਟਾ ਨਹੀਂ ਹੈ ॥੧॥ ਹੁਣ ਮੈਂ ਸੋਹਣੀ ਥਾਂ ਲੱਭ ਲਈ ਹੈ ਜਿੱਥੇ ਹਮੇਸ਼ਾ ਸੁੱਖ ਹੀ ਸੁੱਖ ਹਨ ॥੧॥ ਰਹਾਉ ॥ ਉਹ ਥਾਂ ਭੇਦ-ਭਾਵ ਰਹਿਤ ਤੇ ਸਦੀਵੀ ਪਾਤਸ਼ਾਹੀ ਵਾਲੀ ਹੈ – ਉਹ ਸਦਾ ਪ੍ਰਸਿੱਧ ਹੈ ਤੇ ਉਥੇ ਅਮੀਰ ਆਤਮਾ ਵਾਲੇ ਹੀ ਵਸਦੇ ਹਨ ॥੨॥ ਬੇਗ਼ਮਪੁਰਾ ਸ਼ਹਿਰ ਵਿਚ ਜਿਵੇਂ ਕੋਈ ਚਾਹੇ ਘੁੰਮ ਫਿਰ ਸਕਦਾ ਹੈ, ਪ੍ਰਭ ਦੇ ਮਹਿਲਾਂ ਦੇ ਪੂਰਨ ਭੇਤੀ ਵੀ ਉਨ੍ਹਾਂ ਨੂੰ ਰੋਕਦੇ ਨਹੀਂ – ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਜਿਹੜਾ ਮੇਰੇ ਸ਼ਹਿਰ ਦਾ ਵਸਨੀਕ ਹੈ, ਉਹ ਮੇਰਾ ਮਿੱਤਰ ਹੈ ॥੩॥੨॥

## ਸ਼ਬਦ – 4

ਜਿਥੋਂ ਪ੍ਰਭੂ ਦੇ ਨਾਮ ਗਿਆਨ ਦੀ ਪੂੰਜੀ ਦਾ ਕਾਫ਼ਲਾ ਲੈ ਕੇ ਲੰਘਣਾ ਹੈ, ਉਹ ਬੜਾ ਕਠਿਨ ਪਹਾੜੀ ਰਸਤਾ ਹੈ। ਪਰ ਮੇਰਾ ਬੈਲ ਮਨ ਮਾੜਾ ਹੈ। ਹੇ ਪ੍ਰਭ! ਮੇਰੀ ਪੂੰਜੀ ਦੀ ਰੱਖਿਆ ਕਰਨੀ ॥੨॥ ਹੈ ਕੋਈ ਪ੍ਰਭ ਦੇ ਨਾਮ ਦਾ ਵਪਾਰੀ? ਮੇਰਾ ਗੱਡਾ ਪ੍ਰਭ ਦੇ ਨਾਮ ਰੂਪੀ ਧਨ ਨਾਲ ਲੱਦਿਆ ਜਾ ਰਿਹਾ ਹੈ ॥੨॥ ਰਹਾਉ ॥ ਹੇ ਚਿੱਤਰ ਗੁਪਤੋ! ਮੇਰੇ ਵਾਰੇ ਜੋ ਮਰਜ਼ੀ ਊਲ-ਜਲੂਲ ਲਿਖ ਲਵੋ, ਫਿਰ ਵੀ ਮੈਨੂੰ ਜੰਮਾਂ ਦੀ ਫਾਹੀ ਨਹੀਂ ਲੱਗਣੀ ਕਿਉਂਕਿ ਮੈਂ ਸਾਰੇ ਜੰਜ਼ਾਲ ਤਿਆਗ ਦਿੱਤੇ ਹਨ ॥੩॥ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸੰਸਾਰ ਦਾ ਰੰਗ ਕੁਸੰਭੇ ਦੇ ਰੰਗ ਵਾਂਗ ਕੱਚਾ ਹੈ, ਪਰ ਮੇਰੇ ਪ੍ਰਭ ਦਾ ਰੰਗ ਮਜੀਠ ਵਾਂਗ ਪੱਕਾ ਰੰਗ ਹੈ ॥੪॥੧॥



## ਸ਼ਬਦ – 5

ਖੂਹ ਦੇ ਡੱਡੂਆਂ ਵਾਂਗ (ਜਿਨ੍ਹਾਂ ਨੂੰ ਖੂਹ ਤੋਂ ਬਾਹਰ ਬਾਰੇ ਗਿਆਨ ਨਹੀਂ ਹੁੰਦਾ) ਮੇਰਾ ਮਨ ਵਿਕਾਰਾਂ ਵਿਚ ਫਸਿਆ ਹੈ – ਇਸ ਕਰਕੇ ਹੇ ਪ੍ਰਭੂ! ਮੈਨੂੰ ਤੇਰੇ ਬਾਰੇ ਗਿਆਨ ਨਹੀਂ ਹੈ ॥੧॥ ਹੇ ਸਾਰੇ ਸੰਸਾਰ ਨੂੰ ਅਗਵਾਈ ਦੇਣ ਵਾਲੇ ਪ੍ਰਭ! ਮੈਨੂੰ ਇਕ ਪਲ ਲਈ ਦਰਸ਼ਨ ਦਿਓ ਜੀ ॥੧॥ ਰਹਾਉ ॥ ਵਿਕਾਰਾਂ ਕਾਰਨ ਮੈਨੂੰ ਤੇਰੀ ਮਹਾਨਤਾ ਦਾ ਗਿਆਨ ਨਹੀਂ ਹੈ। ਕਿਰਪਾ ਕਰੋ ਕਿ ਮੈਨੂੰ ਤੁਹਾਡੀ ਸੋਝੀ ਆਵੇ ਅਤੇ ਮੇਰਾ ਭ੍ਰਮ ਚੁੱਕਿਆ ਜਾਵੇ ॥੨॥ ਤੇਰੇ ਗੁਣ ਬੇਅੰਤ ਹਨ। ਇਨ੍ਹਾਂ ਨੂੰ ਜੋਗੀ ਤਾਂ ਕੀ, ਜੋਗੀਆਂ ਦੇ ਗੁਰੂ ਵੀ ਨਹੀਂ ਜਾਣ ਸਕੇ। ਮੈਂ (ਗੁਰੂ) ਰਵਿਦਾਸ ਚਮਾਰ ਤੇਰੀ ਪ੍ਰੇਮਾ-ਭਗਤੀ ਪ੍ਰਾਪਤ ਕਰਨ ਲਈ ਗੁਣ ਗਾਉਂਦਾ ਹਾਂ ॥੩॥੧॥

## ਸ਼ਬਦ – 6

ਸਤਿਯੁੱਗ ਦੀ ਪੂਜਾ ਵਿਧੀ ਸੀ ਦਾਨ ਦੇਣਾ, ਤ੍ਰੇਤੇ ਦੀ ਯੱਗ ਕਰਨੇ, ਦੁਆਪਰ ਦੀ ਦੇਵਤਿਆਂ ਦੀ ਪੂਜਾ ਅਤੇ ਕਲਿਯੁੱਗ ਵਿਚ ਅਵਤਾਰਾਂ ਭਾਵ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀਆਂ ਦੀ ਪੂਜਾ ॥੧॥ ਪ੍ਰੰਤੂ ਇਸ ਪੂਜਾ ਵਿਧੀ ਨਾਲ ਤਾਂ ਭਵਸਾਗਰ ਤੋਂ ਪਾਰ ਹੋਇਆ ਹੀ ਨਹੀਂ ਜਾ ਸਕਦਾ। ਮੈਨੂੰ ਕੋਈ ਸਮਝਾ ਕੇ ਸਪੱਸ਼ਟ ਨਹੀਂ ਕਰ ਰਿਹਾ ਕਿ ਆਵਾਗਵਨ ਤੋਂ ਮੁਕਤੀ ਕਿਵੇਂ ਮਿਲੇ ॥੧॥ ਰਹਾਉ ॥ ਸ਼ਾਸ਼ਤਰਾਂ ਅਨੁਸਾਰ ਬਹੁਤ ਸਾਰੀਆਂ ਧਾਰਮਿਕ ਵਿਧੀਆਂ ਕਰਦੀ ਲੋਕਾਈ ਨਜ਼ਰ ਆਉਂਦੀ ਹੈ। – ਪ੍ਰੰਤੂ ਕਿਹੜਾ ਕਰਮ ਕੀਤਾ ਜਾਵੇ ਜਿਸ ਨਾਲ ਮੁਕਤੀ ਮਿਲੇ ॥੨॥ ਵੇਦ ਅਤੇ ਪੁਰਾਣ ਕੁਝ ਕਰਮ ਕਰਨ ਦੀ ਆਗਿਆ ਦਿੰਦੇ ਹਨ ਤੇ ਕੁਝ ਦੀ ਮਨਾਹੀ ਕਰਦੇ ਹਨ।

ਇਸ ਨਾਲ ਸ਼ੰਕਾ ਹੋਰ ਵਧ ਜਾਂਦਾ ਹੈ। ਭਰਮ ਅਤੇ ਵਿਕਾਰ ਹੋਰ ਪੀਡੇ ਹੋ ਜਾਂਦੇ ਹਨ। ਇਸ ਤਰ੍ਹਾਂ ਮਨ ਵਿਚ ਸਦਾ ਲਈ ਟਿਕੇ ਭਰਮਾਂ ਵਿਕਾਰਾਂ ਤੋਂ ਪੈਦਾ ਹੋਏ ਹੰਕਾਰ ਨੂੰ ਕਿਵੇਂ ਦੂਰ ਕੀਤਾ ਜਾਵੇ ॥੩॥ ਤੀਰਥ ਇਸ਼ਨਾਨ ਨਾਲ ਬਾਹਰੀ ਮੈਲ ਤਾਂ ਦੂਰ ਹੋ ਸਕਦੀ ਹੈ, ਪਰ ਅੰਦਰ ਵਿਕਾਰ ਟਿਕੇ ਰਹਿੰਦੇ ਹਨ। – ਇਹ ਸੁੱਚੇ ਹੋਣਾ ਤਾਂ ਹਾਥੀ ਦੀ ਇਸ਼ਨਾਨ ਵਾਂਗ ਹੈ ਜੋ ਇਸ਼ਨਾਨ ਕਰਨ ਮਗਰੋਂ ਆਪਣੇ ਉੱਪਰ ਮਿਟੀ ਸੁੱਟ ਲੈਂਦਾ ਹੈ ॥੪॥ ਜਿਵੇਂ ਸਾਰਾ ਸੰਸਾਰ ਜਾਣਦਾ ਹੈ ਕਿ ਸੂਰਜ ਦੇ ਪ੍ਰਕਾਸ਼ ਨਾਲ ਰਾਤ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ ਅਤੇ ਪਾਰਸ ਨੂੰ ਤਾਂਬੇ ਨਾਲ ਛੂਹਿਆਂ ਉਸ ਤਾਂਬੇ ਨੂੰ ਸੋਨਾ ਬਣਨ ਵਿਚ ਦੇਰ ਨਹੀਂ ਲੱਗਦੀ ॥੫॥ ਇਸ ਤਰ੍ਹਾਂ ਚੰਗੇ ਭਾਗਾਂ ਨਾਲ ਜਦ ਪਾਰਸਾਂ ਦਾ ਪਾਰਸ ਗੁਰੂ ਮਿਲ ਪਵੇ ਅਤੇ ਉਸ ਦਾ ਮਿਲਾਪ ਸਾਧਕ ਦੇ ਮਨ ਨਾਲ ਹੋ ਜਾਵੇ ਤਾਂ ਮਨ ਦੇ ਕਵਾੜ ਖੁੱਲ੍ਹ ਜਾਂਦੇ ਹਨ ॥੬॥ ਬ੍ਰਹਮ ਗੁਰੂ ਦੀ ਦੱਸੀ ਜੁਗਤੀ ਨਾਲ ਪ੍ਰਭ ਭਗਤੀ ਕਰਕੇ ਭਰਮ ਤੇ ਵਿਕਾਰ ਨਸ਼ਟ ਹੋ ਗਏ ਹਨ। – ਹੁਣ ਕੇਵਲ ਬ੍ਰਹਮ ਦਾ ਗਿਆਨ ਹੀ ਮਨ ਵਿਚ ਰਹਿ ਗਿਆ ਹੈ ॥੭॥ ਸ਼ਾਸਤਰਾਂ ਅਨੁਸਾਰ ਹੱਠ ਕਰਕੇ ਅਨੇਕਾਂ ਯਤਨ ਕੀਤੇ ਪਰ ਮਨ ਵਿਕਾਰਾਂ ਤੋਂ ਮੁਕਤ ਨਾ ਹੋ ਸਕਿਆ। ਨਾ ਹੀ ਪ੍ਰਭ ਪ੍ਰੇਮ ਦੀ ਉਤਪੱਤੀ ਹੋਈ। ਇਸ ਕਰਕੇ ਮੈਂ ਉਦਾਸ ਹਾਂ (ਪਰ ਬ੍ਰਹਮ ਗੁਰੂ ਦੇ ਬ੍ਰਹਮ ਗਿਆਨ ਨਾਲ ਮੈਂ ਪ੍ਰਭ ਪ੍ਰਾਪਤ ਕਰ ਲਿਆ ਹੈ) ॥੮॥੧॥

## ਸ਼ਬਦ – 7

ਹਿਰਨ, ਮੱਛੀ, ਭੌਰਾ, ਪਤੰਗਾ ਅਤੇ ਹਾਥੀ ਸਾਰੇ ਇਕ-ਇਕ ਵਿਕਾਰ (ਦੋਸ਼) ਹੋਣ ਕਰਕੇ ਨਸ਼ਟ ਹੋ ਜਾਂਦੇ ਹਨ। – ਪਰ ਮਨੁੱਖ



ਵਿਚ ਤਾਂ ਪੰਜੇ ਹੀ ਲਾ-ਇਲਾਜ ਵਿਕਾਰ ਹਨ, ਉਸ ਦੇ ਬਚਣ ਦੀ ਕਿੰਨੀ ਕੁ ਆਸ ਹੋ ਸਕਦੀ ਹੈ ॥੧॥ ਹੇ ਪ੍ਰਭ! ਮਨੁੱਖ ਨੇ ਅਗਿਆਨਤਾ ਨਾਲ ਪਿਆਰ ਪਾਇਆ ਹੋਇਆ ਹੈ, ਇਸ ਕਰਕੇ ਇਸ ਦੀ ਬੁੱਧੀ ਦਾ ਦੀਵਾ ਧੁੰਧਲਾ ਹੋ ਗਿਆ ਹੈ ॥੧॥ ਰਹਾਉ ॥ ਟੇਡੀਆਂ ਜੂਨਾਂ (ਪਸ਼ੂ, ਪੰਛੀ, ਕੀੜੇ ਆਦਿ) ਨੂੰ ਵਿਚਾਰਹੀਣ ਹੋਣ ਕਾਰਨ ਪੁੰਨ-ਪਾਪ ਦੀ ਸੋਝੀ ਨਹੀਂ ਹੁੰਦੀ – ਪ੍ਰੰਤੂ ਮਨੁੱਖਾ ਜੀਵਨ ਤਾਂ ਬੜਾ ਦੁਰਲੱਭ ਹੈ ਪਰ ਇਸ ਦੀ ਸੰਗਤ ਮਾੜੇ ਵਿਕਾਰਾਂ ਨਾਲ ਹੈ ॥੨॥ ਅਜਿਹੇ ਜੀਵ-ਜੰਤੂ ਕਰਮਾਂ ਅਨੁਸਾਰ ਆਤਮਿਕ ਮੌਤ ਮਰ ਜਾਂਦੇ ਹਨ ਜਿਸ ਨੂੰ ਕੋਈ ਰੋਕ ਨਹੀਂ ਸਕਦਾ। ਕਰਮਾਂ ਅਨੁਸਾਰ ਹੀ ਹੋਰ ਜੂਨਾਂ ਵਿਚ ਜਾ ਪ੍ਰਵੇਸ਼ ਕਰਦੇ ਹਨ ॥੩॥ ਹੇ ਪ੍ਰਭ! ਮੈਂ ਤੇਰਾ ਦਾਸ (ਗੁਰੂ) ਰਵਿਦਾਸ ਵਿਕਾਰਾਂ ਤੋਂ ਉਪਰਾਮ ਤੇਰੇ ਉੱਤਮ ਸਿਮਰਨ ਦੀ ਪ੍ਰਾਪਤੀ ਲਈ ਤਤਪਰ ਹਾਂ। ਤੁਸੀਂ ਆਪਣੇ ਭਗਤਾਂ ਦੇ ਭੈਅ ਦੂਰ ਕਰਦੇ ਹੋ, ਮੈਨੂੰ ਵੀ ਇਸ ਤੋਂ ਦੂਰ ਕਰਕੇ ਪਰਮ ਅਨੰਦ ਬਖਸ਼ੋ ਜੀ। ॥੪॥੧॥

## ਸ਼ਬਦ – 8

ਹੇ ਪ੍ਰਭੂ! ਸੰਤਾਂ ਨੇ ਤੇਰੇ ਬ੍ਰਹਮ ਗਿਆਨ ਨੂੰ ਸਮਝ ਲਿਆ ਹੈ ਕਿ ਸੰਤ ਤੇਰਾ ਤਨ ਹੈ ਤੇ ਸੰਗਤ ਜ਼ਿੰਦ-ਜਾਨ ॥੧॥ ਮੈਨੂੰ ਸੰਤਾਂ ਦੀ ਸੰਗਤ, ਪ੍ਰਵਚਨਾਂ ਦਾ ਆਨੰਦ ਅਤੇ ਸੰਤਾਂ ਦਾ ਪ੍ਰੇਮ ਬਖਸ਼ੋ ਜੀ ॥੧॥ ਰਹਾਉ ॥ ਮੈਨੂੰ ਸੰਤਾਂ ਦਾ ਸਦਾਚਾਰ, ਸੱਚਾ ਮਾਰਗ ਤੇ ਸੰਤਾਂ ਦੀ ਜੂਠ ਮਾਂਜਣ ਦੀ ਸੇਵਾ ਭਾਵ ਅਤਿ ਨਿਮਰਤਾ ਪ੍ਰਦਾਨ ਕਰੋ ॥੨॥ ਇਕ ਹੋਰ ਦਾਤ ਮੰਗਾਂ! ਮੈਨੂੰ ਭਗਤੀ ਰੂਪੀ ਮਣੀ ਬਖਸ਼ੋ। – ਤੇ ਕਦੀ ਵੀ ਪਾਪੀਆਂ ਦੇ ਦਰਸ਼ਨ ਨਾ ਕਰਾਉਣਾ ॥੩॥ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਉਹੀ ਸਿਆਣਾ ਹੈ ਜੋ ਇਹ ਜਾਣਦਾ ਹੈ ਕਿ ਸੰਤਾਂ ਤੇ ਪ੍ਰਭ ਵਿਚ

ਕੋਈ ਅੰਤਰ ਨਹੀਂ ਹੈ ॥੪ ॥੨ ॥

## ਸ਼ਬਦ – 9

ਹੇ ਪ੍ਰਭ ! ਤੁਸੀਂ ਗੁਣਾਂ ਭਰਪੂਰ ਚੰਦਨ ਹੋ ਤੇ ਅਸੀਂ ਨਿਮਾਣੇ ਅਰਿੰਡ ਹਾਂ। ਸਾਡਾ ਵਾਸਾ ਤੇਰੇ ਸੰਗ ਹੋਣ ਕਰਕੇ ਅਸੀਂ ਨੀਵੇਂ ਤੋਂ ਉੱਚੇ ਹੋ ਗਏ ਹਾਂ ਭਾਵ ਸਾਡੇ ਵਿਚ ਤੇਰੇ ਚੰਗੇ ਗੁਣ ਆ ਗਏ ਹਨ ॥੧ ॥ ਹੇ ਪ੍ਰਭ ! ਮੈਨੂੰ ਆਪਣੀ ਸੰਗਤ ਦੀ ਓਟ ਬਖਸ਼ੋ, ਅਸੀਂ ਔਗੁਣਾਂ ਭਰਪੂਰ ਤੇ ਤੁਸੀਂ ਉਪਕਾਰੀ ਹੋ ॥੧ ॥ ਰਹਾਉ ॥ ਤੁਸੀਂ ਦੁੱਧ ਵਰਗੇ ਚਿੱਟੇ ਰੇਸ਼ਮ ਹੋ ਤੇ ਅਸੀਂ ਕਾਲੇ ਪੱਥਰ (ਨਿਮਾਣੇ) ਹਾਂ – ਪਰ ਕਿਰਪਾ ਕਰੋ ਕਿ ਮੈਂ ਤੇਰੀ ਸੰਗਤ ਵਿਚ ਸ਼ਹਿਦ ਦੀਆਂ ਮੱਖੀਆਂ ਵਾਂਗ ਰਲ ਮਿਲ ਕੇ ਅਤੇ ਸੰਤ ਸੂਰਮਾ ਬਣ ਕੇ ਰਹਾਂ ॥੨ ॥ ਹੇ ਪ੍ਰਭ ! ਮੈਂ (ਗੁਰੂ ਰਵਿਦਾਸ) ਤੇਰੀ ਭਗਤੀ ਨਹੀਂ ਕੀਤੀ, ਇਸ ਕਰਕੇ ਮੇਰਾ ਵਿਕਾਰਾਂ ਭਰਪੂਰ ਜੀਵਨ ਘਟੀਆ ਹੋ ਗਿਆ ਹੈ ॥੩ ॥੩ ॥

## ਸ਼ਬਦ – 10

ਹੇ ਪ੍ਰਭ ! ਮੈਨੂੰ ਕੋਈ ਚਿੰਤਾ ਨਹੀਂ ਭਾਵੇਂ ਮੇਰਾ ਸਰੀਰ ਟੋਟੇ–ਟੋਟੇ ਹੋ ਜਾਵੇ – ਪਰ ਚਿੰਤਾ ਹੈ ਕਿਤੇ ਮੇਰੇ ਮਨ 'ਚੋਂ ਤੇਰਾ ਪ੍ਰੇਮ ਨਾ ਦੂਰ ਹੋ ਜਾਵੇ ॥੧ ॥ ਮੈਂ ਆਪ ਦੇ ਕਮਲ ਰੂਪੀ ਚਰਨਾਂ – ਭਵਨਾਂ ਵਿਚ ਅੰਮ੍ਰਿਤ ਰਸ ਪੀ–ਪੀ ਰਾਮ ਦੇ ਨਾਮ ਰੂਪੀ ਧਨ ਨੂੰ ਪਾ ਲਿਆ ਹੈ ॥੧ ॥ ਰਹਾਉ ॥ ਤੇਰਾ ਦਾਸ ਨਾਮ ਦੇ ਸਦਕਾ ਧਨ, ਸੰਪਤੀ ਆਦਿ ਵਿਕਾਰਾਂ ਵਿਚ ਮਗਨ ਨਹੀਂ ਹੁੰਦਾ ॥੨ ॥ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ ! ਮੈਂ ਤੇਰੇ ਪ੍ਰੇਮ ਦੀ ਡੋਰ ਨਾਲ ਆਪਣੇ ਆਪ ਨੂੰ ਬੰਨ੍ਹ ਲਿਆ ਹੈ – ਹੁਣ ਮੈਂ ਇਸ ਤੋਂ ਮੁਕਤ ਨਹੀਂ ਹੋਵਾਂਗਾ ॥੩ ॥੪ ॥



## ਸ਼ਬਦ – 11

ਜਿਨ੍ਹਾਂ ਨੇ ਸਵਾਸ–ਸਵਾਸ ਹਰਿ (ਪ੍ਰਭੂ) ਦਾ ਸਿਮਰਨ ਕੀਤਾ, ਉਹ ਭਵਸਾਗਰ ਤੋਂ ਪਾਰ ਹੋ ਗਏ ॥੧ ॥ ਰਹਾਉ ॥ ਹਰਿ ਦਾ ਸਿਮਰਨ ਕਰਕੇ (ਸਤਿਗੁਰ) ਕਬੀਰ ਜੀ ਪ੍ਰਸਿੱਧ ਹੋਏ ਤੇ ਜਨਮਾਂ–ਜਨਮਾਂ ਦੇ ਲੇਖੇ ਮੁੱਕ ਗਏ ॥੧ ॥ (ਸਤਿਗੁਰੂ) ਨਾਮਦੇਵ ਜੀ ਨੇ ਪ੍ਰੇਮ ਨਾਲ ਹਰਿ ਦਾ ਨਾਮ ਜਪਿਆ ਅਤੇ ਹਰਿ ਨੂੰ ਦੁੱਧ ਪਿਲਾਇਆ। ਉਹ ਜਨਮਾਂ ਦੇ ਸੰਕਟ ਵਿਚ ਨਹੀਂ ਆਏ ॥੨ ॥ ਪ੍ਰਭ ਦੇ ਸੇਵਕ (ਗੁਰੂ) ਰਵਿਦਾਸ ਨੇ ਇਕ ਹਰਿ ਨੂੰ ਪ੍ਰਾਪਤ ਕੀਤਾ ਤੇ ਬ੍ਰਹਮ ਗੁਰੂ ਦੀ ਕਿਰਪਾ ਨਾਲ ਨਰਕਾਂ ਤੋਂ ਮੁਕਤੀ ਪਾਈ ॥੩ ॥੫ ॥

## ਸ਼ਬਦ – 12

ਮਿੱਟੀ ਦਾ ਪੁਤਲਾ ਮਨੁੱਖ ਮਾਇਆ ਨੂੰ ਹੀ ਦੇਖਦਾ, ਸੁਣਦਾ ਤੇ ਮਾਇਆ ਦੀਆਂ ਹੀ ਗੱਲਾਂ ਕਰਦਾ ਭਟਕਦਾ ਫਿਰਦਾ ਹੈ ॥੧ ॥ ਰਹਾਉ ॥ ਜਦ ਧਨ–ਮਾਲ ਪ੍ਰਾਪਤ ਹੋ ਜਾਂਦਾ ਹੈ ਤਾਂ ਹੰਕਾਰੀ ਬਣ ਜਾਂਦਾ ਹੈ। ਖੁੱਸ ਜਾਵੇ ਤਾਂ ਦੁਖੀ ਹੁੰਦਾ ਹੈ ॥੧ ॥ ਮਨੁੱਖ ਮਨ, ਬਚਨ ਤੇ ਕੰਮਾਂ ਕਰਕੇ ਰਸਾਂ ਦਾ ਲੋਭੀ ਹੋਇਆ ਪਿਆ ਹੈ। ਪਰ ਜਦੋਂ ਮੌਤ ਆ ਗਈ ਤਾਂ ਪਤਾ ਨਹੀਂ ਕਿੱਥੇ ਟਿਕਾਣਾ ਮਿਲਣਾ ਹੈ ॥੨ ॥ ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਸੰਸਾਰ ਇਕ ਬਾਜ਼ੀ ਹੈ ਅਤੇ ਮੇਰੀ ਉਸ ਬਾਜ਼ੀਗਰ (ਪ੍ਰਭ) ਨਾਲ ਪ੍ਰੀਤ ਪੈ ਗਈ ਹੈ ॥੩ ॥੬ ॥

## ਸ਼ਬਦ – 13

ਦੁੱਧ ਵੱਛੇ ਨੇ, ਫੁੱਲ ਭੌਰੇ ਨੇ ਅਤੇ ਪਾਣੀ ਮੱਛੀ ਨੇ ਜੂਠਾ ਕਰ ਦਿੱਤਾ ਹੈ ॥੧ ॥ ਇਸ ਕਰਕੇ ਹੇ ਪ੍ਰਭੂ ! ਮੈਂ ਤੇਰੀ ਪੂਜਾ ਕਿਸ ਚੀਜ਼ ਨਾਲ ਕਰਾਂ – ਹੋਰ ਸੁੱਚੇ ਫੁੱਲ ਆਦਿ ਤਾਂ ਹੈ ਨਹੀਂ ॥੧ ॥ ਰਹਾਉ ॥

ਚੰਦਨ ਦੇ ਰੁੱਖਾਂ ਨਾਲ ਸੱਪ ਲਿਪਟੇ ਹਨ – ਪਾਣੀ ਵਿਚ ਜ਼ਹਿਰ ਅਤੇ ਅੰਮ੍ਰਿਤ ਇਕੱਠੇ ਹੋਣ ਕਰਕੇ ਅਪਵਿੱਤਰ ਹੈ ॥੨॥ ਸੁਗੰਧੀ ਲਏ ਜਾਣ ਕਰਕੇ ਧੂਫ਼, ਦੀਵੇ ਤੇ ਪ੍ਰਸ਼ਾਦ ਜੂਠੇ ਹਨ – ਤੇ ਤੇਰਾ ਦਾਸ ਤੇਰੀ ਪੂਜਾ ਕਿਵੇਂ ਕਰੇ ? ॥੩॥ ਸੋ ਮੈਂ ਆਪਣਾ ਤਨ ਤੇ ਮਨ ਪ੍ਰਭ ਪੂਜਾ ਲਈ ਅਰਪਨ ਕਰਦਾ ਹਾਂ ਅਤੇ ਗੁਰੂ ਦੀ ਕਿਰਪਾ ਨਾਲ ਜਦ ਪ੍ਰਭ ਨੂੰ ਇਹ ਚੜ੍ਹਾਵਾ ਪ੍ਰਵਾਨ ਹੋ ਗਿਆ ਤਦ ਮੈਂ ਪ੍ਰਭ ਨੂੰ ਪ੍ਰਾਪਤ ਕਰ ਸਕਾਂਗਾ ॥੪॥ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ ! ਜੇਕਰ ਤੇਰੀ ਪੂਜਾ ਲਈ ਇਹ ਪਦਾਰਥ ਜ਼ਰੂਰੀ ਹੁੰਦੇ ਤਾਂ ਸੁੱਚੇ ਪਦਾਰਥ ਨਾ ਮਿਲਣ ਕਾਰਨ ਮੈਥੋਂ ਤੇਰੀ ਪੂਜਾ ਨਹੀਂ ਸੀ ਹੋ ਸਕਣੀ ਤਦ ਮੇਰਾ ਕੀ ਹਾਲ ਹੁੰਦਾ ? ॥੫॥੨॥

## ਸ਼ਬਦ – 14

ਹੇ ਪ੍ਰਭ ! ਜਦੋਂ ਮੇਰੇ ਵਿਚ ਹਉਮੈ ਸੀ ਉਦੋਂ ਤੂੰ ਨਹੀਂ ਸੀ, ਹੁਣ ਹਉਮੈ ਖਤਮ ਹੋ ਗਈ ਹੈ ਤੇ ਮੇਰੇ ਵਿਚ ਤੂੰ ਹੀ ਤੂੰ ਹੈ। – ਜਿਵੇਂ ਸਮੁੰਦਰ 'ਚੋਂ ਉੱਠਦੀਆਂ ਲਹਿਰਾਂ ਸਮੁੰਦਰ ਵਿਚ ਹੀ ਸਮਾ ਜਾਂਦੀਆਂ ਹਨ। ਹੇ ਮਾਧਉ ! ਇਹ ਭੁਲੇਖਾ ਹੀ ਹੈ ਕਿ ਜਿਸ ਤਰ੍ਹਾਂ ਅਸੀਂ ਮੰਨਦੇ ਹਾਂ, ਉਸ ਤਰ੍ਹਾਂ ਹੁੰਦਾ ਨਹੀਂ ॥੧॥ ਰਹਾਉ ॥ ਭਰਮ ਕਾਰਨ ਹੀ ਤਖ਼ਤ 'ਤੇ ਸੁੱਤਾ ਰਾਜਾ ਸੁਪਨੇ ਵਿਚ ਭਿਖਾਰੀ ਬਣ ਕੇ ਰਾਜ ਤੋਂ ਵਿਛੋੜੇ ਦਾ ਦੁੱਖ ਭੋਗਦਾ ਹੈ। – ਤੈਨੂੰ ਭੁੱਲ ਕੇ ਮੇਰੀ ਇਹੀ ਹਾਲਤ ਹੈ ॥੨॥ ਉਸੇ ਤਰ੍ਹਾਂ ਜਿਵੇਂ ਰੱਸੀ ਤੋਂ ਸੱਪ ਦਾ ਭੁਲੇਖਾ ਪੈਂਦਾ ਹੈ – ਹੁਣ ਸਮਝ ਆ ਗਈ ਹੈ। ਜਿਵੇਂ ਸੋਨੇ ਤੋਂ ਬਣਿਆ ਕੜਾ ਸੋਨੇ ਤੋਂ ਵੱਖ ਨਹੀਂ। ਇਹ ਗੱਲ ਹੁਣ ਕਹਿਣ – ਸੁਣਨ ਵਾਲੀ ਨਹੀਂ ਹੈ ॥੩॥ (ਗੁਰੂ) ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰਭ ਇਕ ਹੈ ਅਤੇ ਉਹ ਅਨੇਕਾਂ ਰੂਪ ਧਾਰ ਕੇ



ਹਰ ਜੀਵ ਵਿਚ ਆਤਮਿਕ ਅਤੇ ਪਦਾਰਥਕ ਆਨੰਦ ਭੋਗ ਰਿਹਾ ਹੈ। – ਉਹ ਤਾਂ ਹੱਥ ਤੋਂ ਵੀ ਨੇੜੇ ਹੈ ਤੇ ਉਸ ਦੀ ਮਰਜ਼ੀ ਮੁਤਾਬਕ ਸਭ ਕੁਝ ਹੁੰਦਾ ਰਹਿੰਦਾ ਹੈ ॥੪॥੧॥

## ਸ਼ਬਦ – 15

ਹੇ ਪ੍ਰਭ ! ਤੇਰੇ ਸਿਮਰਨ ਦੁਆਰਾ ਅਸੀਂ ਮੌਤ ਦੀ ਫਾਹੀ 'ਚੋਂ ਨਿਕਲ ਕੇ ਤੈਨੂੰ ਪ੍ਰੇਮ ਦੀ ਰੱਸੀ ਨਾਲ ਬੰਨ੍ਹ ਲਿਆ ਹੈ। ਹੁਣ ਤੁਸੀਂ ਆਪਣੇ ਛੁੱਟਣ ਦਾ ਕੋਈ ਯਤਨ ਕਰ ਲਵੋ ॥੧॥ ਤੁਸੀਂ ਆਪਣੇ ਅਤੇ ਮੇਰੇ ਪ੍ਰੇਮ ਨੂੰ ਤਾਂ ਜਾਣ ਗਏ ਹੋ। ਹੁਣ ਤੁਸੀਂ ਇਸ ਤੋਂ ਮੁਕਤ ਹੋਣ ਲਈ ਕੀ ਕਰੋਗੇ ? ॥੧॥ ਰਹਾਉ ॥ ਮੱਛੀ ਨੂੰ ਪਕੜ ਕੇ ਛੋਟਾ–ਛੋਟਾ ਕਰਕੇ ਕੱਟਿਆ, ਬਹੁਤ ਰਿੰਨਿਆ – ਖਾਣ ਵਾਲੇ ਨੇ ਚਬਾ–ਚਬਾ ਕੇ ਖਾਧਾ, ਪਰ ਫਿਰ ਵੀ ਮੱਛੀ ਨੂੰ ਆਪਣਾ ਮੂਲ ਪਾਣੀ ਨਾ ਭੁੱਲਿਆ ਕਿਉਂਕਿ ਖਾਣ ਵਾਲੇ ਨੂੰ ਪਿਆਸ ਜ਼ਿਆਦਾ ਲੱਗੀ ॥੨॥ ਉਹ ਪ੍ਰਭ ਕਿਸੇ ਦੀ ਜੱਦੀ ਜਾਇਦਾਦ ਨਹੀਂ, ਉਹ ਤਾਂ ਪ੍ਰੇਮ ਦਾ ਬੱਝਾ ਹੈ। – ਸਾਰਾ ਸੰਸਾਰ ਮੌਤ ਦੀ ਫਾਹੀ ਵਿਚ ਫਸਿਆ ਹੈ, ਪਰ ਪ੍ਰਭ ਦਾ ਸੇਵਕ ਇਸ ਸੰਤਾਪ ਤੋਂ ਮੁਕਤ ਹੈ ॥੩॥ ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਹੇ ਪ੍ਰਭ ! ਮੇਰਾ ਪ੍ਰੇਮ ਐਨਾ ਵਧ ਗਿਆ ਹੈ ਕਿ ਆਪਣਾ ਪ੍ਰੇਮ ਕਿਸੇ ਹੋਰ ਨੂੰ ਦੱਸਣ ਦੀ ਲੋੜ ਨਹੀਂ। – ਪਰ ਤੇਰੀ ਪ੍ਰਾਪਤੀ ਪਿੱਛੋਂ ਵੀ ਮੈਂ ਆਪਣੇ ਸਮਾਜ ਦੀ ਦੁਰਦਸ਼ਾ ਦਾ ਦੁੱਖ ਸਹਿ ਰਿਹਾ ਹਾਂ ॥੪॥੨॥

## ਸ਼ਬਦ – 16

ਮਨੁੱਖਾ ਜਨਮ ਪਿਛਲੇ ਚੰਗੇ ਕਰਮਾਂ ਕਾਰਨ ਮਿਲਿਆ ਹੈ ਪਰ ਅਗਿਆਨਤਾ ਵਸ ਇਹ ਵਿਅਰਥ ਜਾ ਰਿਹਾ ਹੈ। – ਰਾਜੇ ਇੰਦਰ ਵਾਂਗ ਅਸੀਂ ਮਹਿਲ ਉਸਾਰ ਲਏ, ਪਰ ਪ੍ਰਭ ਭਗਤੀ ਬਿਨਾਂ ਇਹ

ਕਿਸੇ ਵੀ ਕੰਮ ਦੇ ਨਹੀਂ ॥੧ ॥ ਅਸੀਂ ਪ੍ਰਭ-ਭਗਤੀ ਦੇ ਰਸ ਦਾ ਆਨੰਦ ਕਦੇ ਵਿਚਾਰਿਆ ਨਹੀਂ, ਜਿਸ ਦੀ ਪ੍ਰਾਪਤੀ ਨਾਲ ਸੰਸਾਰੀ ਰਸ ਭੁੱਲ ਜਾਂਦੇ ਹਨ ॥੧ ॥ ਰਹਾਉ ॥ ਅਸੀਂ ਜਾਣਦੇ ਹੋਏ ਵੀ ਅਨਜਾਣ ਤੇ ਮੂਰਖ ਬਣੇ ਹੋਏ ਹਾਂ ਅਤੇ ਚੰਗੀਆਂ-ਮੰਦੀਆਂ ਸੋਚਾਂ ਵਿਚ ਸਮਾਂ ਬੀਤਦਾ ਜਾ ਰਿਹਾ ਹੈ। - ਸਾਡੀਆਂ ਇੰਦਰੀਆਂ ਵਿਕਾਰਾਂ ਪ੍ਰਤੀ ਬਲਵਾਨ ਹੋ ਰਹੀਆਂ ਹਨ। ਬੁੱਧੀ ਨਿਰਬਲ ਹੋ ਰਹੀ ਹੈ। ਸਿੱਟੇ ਵਜੋਂ ਹਿਰਦੇ ਵਿਚ ਚੰਗੀ ਸੋਚ ਦਾਖਲ ਨਹੀਂ ਹੋ ਰਹੀ ॥੨ ॥ ਅਸੀਂ ਕਹਿੰਦੇ ਕੁਝ ਹੋਰ ਅਤੇ ਕਰਦੇ ਕੁਝ ਹੋਰ ਹਾਂ ਤੇ ਸ਼ਕਤੀਸ਼ਾਲੀ ਮਾਇਆ ਨੂੰ ਸਮਝਣ ਤੋਂ ਅਸਮਰੱਥ ਹਾਂ। - ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ ! ਮੇਰੀ ਮੱਤ ਮਾਇਆ ਤੋਂ ਉਪਰਾਮ ਹੈ। ਮੈਨੂੰ ਆਪਣੇ ਕ੍ਰੋਧ ਤੋਂ ਮੁਕਤ ਕਰਕੇ ਮਿਹਰ ਕਰੋ ॥੩ ॥੩ ॥

## ਸ਼ਬਦ – 17

ਜਿਸ ਸੁੱਖਾਂ ਦੇ ਸਾਗਰ ਪ੍ਰਭ ਦੇ ਵਸ ਵਿਚ ਸਵਰਗ ਦੇ ਪੰਜੇ ਰੁੱਖ, ਚਿੰਤਾਮਣੀ ਤੇ ਕਾਮਧੇਨ ਹਨ - ਉਸ ਪ੍ਰਭ ਦੇ ਹੱਥ ਦੀ ਤਲੀ 'ਤੇ ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌਂ ਖਜ਼ਾਨੇ ਹਨ ॥੧ ॥ ਇਸ ਕਰਕੇ ਤੂੰ ਬਾਕੀ ਰਚੇ ਗ੍ਰੰਥਾਂ ਨੂੰ ਛੱਡ ਕੇ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ ? ॥ ਰਹਾਉ ॥ ਹੇ ਪੰਡਿਤ ! ਪੁਰਾਣਾਂ, ਵੇਦਾਂ ਆਦਿ ਦੀਆਂ ਕਥਾਵਾਂ ਤੇ ਵਿਧੀਆਂ ਦੇਵਨਾਗਰੀ ਦੇ ਚੌਂਤੀ ਅੱਖਰਾਂ ਵਿਚ ਰਚਿਆ ਸਾਹਿਤ ਕੇਵਲ ਵਾਕ ਰਚਨਾ ਹਨ। ਵੇਦਾਂ ਦੇ ਖੋਜੀ ਵੇਦ ਵਿਆਸ ਜੀ ਨੇ ਵਿਚਾਰ ਕੇ ਇਹ ਸਿੱਟਾ ਕੱਢਿਆ ਹੈ ਕਿ ਇਹ ਤਾਂ ਪ੍ਰਭ ਸਿਮਰਨ ਦੇ ਬਰਾਬਰ ਵੀ ਨਹੀਂ ਹਨ ॥੨ ॥ ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੀ ਪ੍ਰਭ ਸਿਮਰਨ ਵਿਚ ਸੁਰਤੀ ਲੱਗ ਗਈ ਹੈ। -



ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ ਤੇ ਉਹ ਜਨਮ-ਮਰਨ ਦੇ ਡਰ ਤੋਂ ਮੁਕਤ ਹੋ ਗਏ ਹਨ ॥੩ ॥੪ ॥

## ਸ਼ਬਦ – 18

ਹੇ ਪ੍ਰਭ ! ਜੇਕਰ ਤੁਸੀਂ ਹਰਿਆਲੇ ਪਹਾੜ ਹੋ ਤਾਂ ਮੈਂ ਤੇਰੀ ਉਸ ਹਰਿਆਵਲ ਦੀ ਸੁੰਦਰਤਾ ਦੇਖ ਕੇ ਨੱਚਣ ਵਾਲਾ ਮੋਰ ਹਾਂ। - ਜੇਕਰ ਤੁਸੀਂ ਚੰਦ ਹੋ ਤਾਂ ਮੈਂ ਸੀਤਲ, ਪ੍ਰੇਮ ਭਰੇ ਪ੍ਰਕਾਸ਼ ਦਾ ਚਕੋਰ ਹਾਂ ॥੧ ॥ ਸੋ ਹੇ ਪ੍ਰਭ ! ਮੇਰੇ ਨਾਲੋਂ ਆਪਣਾ ਪ੍ਰੇਮ ਨਾ ਤੋੜਨਾ। ਮੈਂ ਤਾਂ ਤੋੜ ਹੀ ਨਹੀਂ ਸਕਦਾ, ਤੇਰੇ ਨਾਲੋਂ ਤੋੜ ਕੇ ਮੈਂ ਕਿਸ ਨਾਲ ਜੋੜਾਂਗਾ ॥੧ ॥ ਰਹਾਉ ॥ ਜੇ ਤੁਸੀਂ ਚਾਨਣ ਕਰਨ ਵਾਲੇ ਦੀਵਾ ਹੋ ਤਾਂ ਮੈਂ ਉਸ ਵਿਚਲੀ ਬੱਤੀ ਹਾਂ। - ਜੇ ਤੁਸੀਂ ਤੀਰਥ ਹੋ ਤਾਂ ਮੈਂ ਉਸ ਦਾ ਯਾਤਰੀ ਹਾਂ ॥੨ ॥ ਮੈਂ ਤੁਹਾਡੇ ਨਾਲ ਪੱਕੀ ਪ੍ਰੀਤ ਜੋੜੀ ਹੈ ਤੇ ਹੋਰ ਸਾਰੇ ਵਿਕਾਰਾਂ ਆਦਿ ਨਾਲੋਂ ਤੋੜ ਲਈ ਹੈ ॥੩ ॥ ਮੈਂ ਜਿਥੇ ਵੀ ਜਾਵਾਂਗਾ, ਤੇਰੀ ਹੀ ਸਿਫਤ-ਸਲਾਹ ਕਰਾਂਗਾ। - ਕਿਉਂਕਿ ਦੁਨੀਆ 'ਤੇ ਤੇਰੇ ਵਰਗਾ ਕੋਈ ਵੀ ਹੋਰ ਪ੍ਰਮਾਤਮਾ ਨਹੀਂ ਹੈ ॥੪ ॥ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਤੇਰੀ ਭਗਤੀ ਕੀਤਿਆਂ ਜੰਮਾਂ ਦੇ ਬੰਧਨ ਤੋਂ ਮੁਕਤੀ ਮਿਲਦੀ ਹੈ। ਇਸ ਕਰਕੇ ਮੈਂ ਤੇਰੀ ਸਿਫ਼ਤ - ਸਲਾਹ ਵਿਚ ਲੀਨ ਹਾਂ ॥੫ ॥੫ ॥

## ਸ਼ਬਦ – 19

ਮਨੁੱਖੀ ਸਰੀਰ ਜਲ ਦੀ ਕੰਧ, ਹਵਾ ਦੀ ਥੰਮੀ, ਮਾਤਾ ਦੀ ਰੱਤ, ਪਿਤਾ ਦੇ ਵੀਰਜ ਦਾ ਗਾਰਾ, ਮਾਸ ਅਤੇ ਨਾੜੀਆਂ ਦਾ ਪਿੰਜਰ ਹੈ ਜਿਸ ਵਿਚ ਆਤਮਾ ਰੂਪੀ ਪੰਛੀ ਵਸ ਰਿਹਾ ਹੈ ॥੧ ॥ ਹੇ ਪ੍ਰਾਣੀ ! ਸੰਸਾਰ ਵਿਚ ਤੇਰਾ - ਮੇਰਾ ਕੁਝ ਵੀ ਨਹੀਂ। ਮਨੁੱਖ ਤਾਂ ਰੁੱਖ ਉੱਤੇ

ਆਏ ਇਕ ਪੰਛੀ ਦੀ ਨਿਆਂਈ ਹੈ ਜੋ ਦਿਨ ਚੜ੍ਹਨ ਵੇਲੇ ਉੱਡ ਜਾਂਦਾ ਹੈ ॥੧॥ ਰਹਾਉ ॥ ਤੂੰ ਡੂੰਘੀਆਂ ਨੀਹਾਂ ਪੁੱਟ ਕੇ ਮਜ਼ਬੂਤ ਮਹਿਲ ਉਸਾਰਦਾ ਹੈ, ਤੇਰੇ ਸੌਣ ਲਈ ਤਾਂ ਕੇਵਲ ਸਾਢੇ ਤਿੰਨ ਹੱਥ ਥਾਂ ਦੀ ਜ਼ਰੂਰਤ ਹੈ ॥੨॥ ਵਾਲਾਂ ਨੂੰ ਸੁੰਦਰ ਬਣਾਉਂਦਾ, ਟੇਢੀ ਪੱਗੜੀ ਬੰਨ੍ਹਦਾ ਹੈਂ ਪਰ ਇਹ ਤਨ ਤਾਂ ਮਿੱਟੀ ਦੀ ਢੇਰੀ ਹੋ ਜਾਣਾ ਹੈ ॥੩॥ ਵੱਡੇ ਭਵਨ ਤੇ ਸੁੰਦਰ ਨਾਰੀ ਵਿਚ ਮਦਹੋਸ਼ ਹੋਇਆ ਪਿਆ ਹੈਂ, ਤੂੰ ਪ੍ਰਭ ਦੇ ਨਾਮ ਨੂੰ ਵਿਸਾਰ ਕੇ ਸਾਰਾ ਜੀਵਨ ਨਾਸ਼ ਕਰ ਲਿਆ ਹੈ ॥੪॥ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਵਿਕਾਰਾਂ ਕਾਰਨ ਮੇਰਾ ਸਮੁੱਚਾ ਜੀਵਨ ਘਟੀਆ ਬਣ ਗਿਆ ਹੈ, ਇਸ ਕਰਕੇ ਹੇ ਪ੍ਰਭ! ਮੈਂ ਹੁਣ ਤੇਰੀ ਸ਼ਰਨ ਵਿਚ ਆ ਗਿਆ ਹਾਂ ॥੫॥੬॥

## ਸ਼ਬਦ – 20

ਮੈਂ ਚਮਾਰ, ਸਰੀਰ ਰੂਪੀ ਜੁੱਤੀ ਨੂੰ ਗੰਢਣਾ ਭਾਵ ਪਦਾਰਥਾਂ ਨਾਲ ਸਾਂਝ ਪਾਉਣਾ ਨਹੀਂ ਜਾਣਦਾ, ਲੋਕ ਮੇਰੇ ਕੋਲੋਂ ਸਰੀਰ ਰੂਪੀ ਜੁੱਤੀ ਗੰਢਾਉਣ ਆਉਂਦੇ ਹਨ ਪਰ ਮੈਂ ਕੇਵਲ ਪ੍ਰਭ ਨਾਲ ਜੋੜਨ ਦਾ ਧੰਦਾ ਕਰਦਾ ਹਾਂ ॥੧॥ ਰਹਾਉ ॥ ਮੇਰੇ ਕੋਲ ਤਿੱਖੀ ਆਰ ਨਹੀਂ ਜਿਸ ਨਾਲ ਮੈਂ ਤੋਪੇ ਲਾਵਾਂ। ਨਾ ਹੀ ਰੰਬੀ ਹੈ ਜਿਸ ਨਾਲ ਮੈਂ ਟਾਕੀਆਂ ਲਾਵਾਂ ਭਾਵ ਲੋਕਾਂ ਨੂੰ ਠੱਗਾਂ ॥੧॥ ਲੋਕ ਸਰੀਰ ਨੂੰ ਪਦਾਰਥਕ ਲਾਲਚਾਂ ਨਾਲ ਗੰਢ-ਗੰਢ ਕੇ ਖੁਆਰ ਹੋ ਰਹੇ ਹਨ ਪਰ ਮੈਂ ਸਰੀਰ ਨੂੰ ਇਸ ਤਰ੍ਹਾਂ ਗੰਢਣਾ ਤਿਆਗ ਕੇ ਹੀ ਪ੍ਰਭ ਤੱਕ ਪਹੁੰਚਿਆ ਹਾਂ ॥੨॥ ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਮੈਂ ਪਦਾਰਥਕ ਲਾਲਚਾਂ ਨੂੰ ਤਿਆਗ ਕੇ ਪ੍ਰਭ ਸਿਮਰਨ ਵਿਚ ਮਗਨ ਹਾਂ। ਮੇਰਾ ਜੰਮਾਂ ਨਾਲ ਕੋਈ ਵਾਸਤਾ ਨਹੀਂ ਹੈ ॥੩॥੭॥



## ਸ਼ਬਦ – 21

ਹੇ ਪ੍ਰਭ! ਮੇਰੇ ਜਿਹਾ ਕੋਈ ਨਿਮਾਣਾ ਨਹੀਂ ਤੇ ਤੇਰੇ ਜਿਹਾ ਕੋਈ ਦਿਆਲੂ ਨਹੀਂ ਹੈ। – ਹੁਣ ਤੁਸੀਂ ਮੇਰੀ ਪਰਖ ਨਾ ਲਉ। ਤੁਹਾਡੇ ਬ੍ਰਹਮ ਵਿਚਾਰ ਮੇਰੇ ਮਨ ਨੂੰ ਭਾਉਂਦੇ ਹਨ, ਸੇਵਕ ਨੂੰ ਪੂਰਨ ਗਿਆਨ ਬਖਸ਼ੋ ਜੀ ॥੧॥ ਹੇ ਪ੍ਰਭ! ਮੈਂ ਤੇਰੇ ਤੋਂ ਬਲਿਹਾਰੇ ਜਾਂਦਾ ਹਾਂ ਪਰ ਕੀ ਕਾਰਨ ਹੈ ਕਿ ਤੁਸੀਂ ਮੇਰੇ ਨਾਲ ਗੱਲ ਨਹੀਂ ਕਰਦੇ ॥ ੧ ॥ ਰਹਾਉ ॥ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ! ਬਹੁਤ ਜਨਮ ਹੋ ਗਏ ਤੁਹਾਡੇ ਤੋਂ ਵਿਛੜੇ ਨੂੰ। ਇਹ ਜਨਮ ਮੈਂ ਤੁਹਾਡੇ ਲੇਖੇ ਲਾ ਦਿੱਤਾ ਹੈ – ਮੈਂ ਇਸੇ ਆਸ ਨਾਲ ਜੀਅ ਰਿਹਾ ਹਾਂ ਕਿ ਕਦੋਂ ਤੁਹਾਡੇ ਦਰਸ਼ਨ ਹੋਣ ॥੨॥੧॥

## ਸ਼ਬਦ – 22

ਹੇ ਪ੍ਰਭ! ਮੇਰਾ ਚਿੱਤ ਤੇਰਾ ਸਿਮਰਨ ਅਤੇ ਮੇਰੀਆਂ ਅੱਖਾਂ ਤੇਰਾ ਦਰਸ਼ਨ ਕਰਦੀਆਂ ਰਹਿਣ। ਮੇਰੇ ਕੰਨ ਤੇਰੇ ਜੱਸ ਵਾਲੀ ਬਾਣੀ ਨਾਲ ਭਰਪੂਰ ਰਹਿਣ। ਮੇਰਾ ਮਨ ਭੌਰਾ ਬਣਿਆ ਰਹੇ, ਤੇਰੇ ਚਰਨ ਮੇਰੇ ਹਿਰਦੇ ਵਿਚ ਟਿਕੇ ਰਹਿਣ ਅਤੇ ਮੇਰੀ ਜੀਭਾ ਤੇਰਾ ਅੰਮ੍ਰਿਤ ਰੂਪੀ ਨਾਮ ਉਚਾਰਦੀ ਰਹੇ ॥੧॥ ਮੇਰੀ ਪ੍ਰੀਤ ਪ੍ਰਭ ਨਾਲੋਂ ਕਿਤੇ ਘੱਟ ਨਾ ਜਾਵੇ ਕਿਉਂਕਿ ਮੈਂ ਬਹੁਤ ਮਹਿੰਗੀ (ਆਪਣੇ ਜੀਵਨ ਬਦਲੇ) ਲਈ ਹੈ। ਹੇ ਪ੍ਰਭ! ਮੇਰੇ ਇਸ ਪ੍ਰੀਤ ਦੀ ਰੱਖਿਆ ਕਰਨਾ ॥੧॥ ਰਹਾਉ ॥ ਹੇ ਪ੍ਰਭ! ਇਹ ਪ੍ਰੀਤ ਸਾਧ ਸੰਗਤ ਤੋਂ ਬਿਨਾਂ ਪੈਦਾ ਨਹੀਂ ਹੁੰਦੀ ਅਤੇ ਭਾਵ (ਗਿਆਨ) ਤੋਂ ਬਿਨਾਂ ਤੇਰੀ ਭਗਤੀ ਨਹੀਂ ਹੋ ਸਕਦੀ। – ਗੁਰੂ ਰਵਿਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭ! ਮੈਂ ਕੇਵਲ ਆਪ ਨਾਲ ਪ੍ਰੀਤ ਪਾਈ ਹੈ, ਤੁਸੀਂ ਉਸ ਦਾ ਮਾਣ ਰੱਖਣਾ ॥੨॥੨॥

## ਸ਼ਬਦ – 23

ਗੁਰੂ ਰਵਿਦਾਸ ਜੀ ਪ੍ਰਚੱਲਿਤ ਆਰਤੀ ਦੀ ਥਾਂ ਆਪਣੀ ਨਵੀਂ ਆਰਤੀ ਵਿਸ਼ਵ ਨੂੰ ਪ੍ਰਦਾਨ ਕਰਦੇ ਫੁਰਮਾਉਂਦੇ ਹਨ ਕਿ ਹੇ ਹਰੀ ਪ੍ਰਭ! ਮੇਰੇ ਲਈ ਤੇਰੇ ਨਾਮ ਦਾ ਸਿਮਰਨ ਹੀ ਆਰਤੀ ਹੈ ਅਤੇ ਸਿਮਰਨ ਹੀ ਤੀਰਥਾਂ ਦਾ ਇਸ਼ਨਾਨ ਹੈ। ਇਸ ਤੋਂ ਬਿਨਾਂ ਸਭ ਝੂਠ ਦਾ ਪਾਸਾਰਾ ਅਤੇ ਲੋਕ ਵਿਖਾਵਾ ਹੈ ॥੧ ॥ ਰਹਾਉ ॥ ਮੇਰੇ ਲਈ ਤੇਰਾ ਨਾਮ ਹੀ ਆਸਣ, ਚੰਦਨ ਪੀਹਣ ਦਾ ਪੱਥਰ ਤੇ ਨਾਮ ਹੀ ਕੇਸਰ ਦੇ ਛਿੱਟੇ ਦੇਣਾ ਹੈ। – ਤੇਰੇ ਨਾਮ ਦਾ ਜਾਪ ਹੀ ਮੇਰੇ ਲਈ ਜਲ, ਚੰਦਨ ਹੈ ਤੇ ਮੈਂ ਨਾਮ ਰੂਪੀ ਜਲ ਅਤੇ ਚੰਦਨ ਘਸਾ ਕੇ ਤੈਨੂੰ ਚੜ੍ਹਾਉਂਦਾ ਹਾਂ ॥੧ ॥ ਤੇਰੇ ਨਾਮ ਦਾ ਜਾਪ ਦੀਵਾ, ਬੱਤੀ ਤੇ ਉਸ ਵਿੱਚ ਪਾਇਆ ਤੇਲ ਹੈ। ਇਸ ਤਰ੍ਹਾਂ ਮੈਂ ਤੇਰੇ ਨਾਮ ਦੀ ਹੀ ਜੋਤ ਜਗਾਈ ਹੈ ਜਿਸ ਨਾਲ ਸਾਰੇ ਬ੍ਰਹਿਮੰਡ ਵਿਚ ਪ੍ਰਕਾਸ਼ ਹੋ ਗਿਆ ਹੈ ॥੨ ॥ ਤੇਰਾ ਨਾਮ ਹੀ ਧਾਗਾ ਅਤੇ ਫੁੱਲਾਂ ਦੀ ਮਾਲਾ ਹੈ। ਇਸ ਦੇ ਟਾਕਰੇ ਸਾਰੀ ਬਨਸਪਤੀ ਦੇ ਅਠਾਰਾਂ ਭਾਰ ਜੂਠੇ ਹਨ। – ਹੇ ਪ੍ਰਭ! ਮੈਂ ਤੇਰੀ ਹੀ ਪੈਦਾ ਕੀਤੀ ਸਮੱਗਰੀ ਤੈਨੂੰ ਹੀ ਕਿਵੇਂ ਭੇਟ ਕਰਾਂ? ਜੇਕਰ ਮੈਂ ਤੇਰੀ ਪੈਦਾ ਕੀਤੀ ਸਮੱਗਰੀ ਤੈਨੂੰ ਹੀ ਭੇਟ ਕਰਦਾ ਹਾਂ ਤਾਂ ਮੈਂ ਆਪਣੇ ਕੋਲੋਂ ਕੀ ਅਰਪਣ ਕੀਤਾ? ਇਸ ਕਰਕੇ ਮੈਂ ਤੈਨੂੰ ਤੇਰੇ ਨਾਮ ਦਾ ਚੌਰ ਹੀ ਝੁਲਾਉਂਦਾ ਹਾਂ ॥੩ ॥ ਸਾਰਾ ਸੰਸਾਰ ਅਠਾਰਾਂ ਪੁਰਾਣਾਂ, ਅਠਾਹਟ ਤੀਰਥਾਂ ਦੇ ਇਸ਼ਨਾਨਾਂ ਨੂੰ ਪੁੰਨ ਕਰਮ ਸਮਝ ਕੇ ਚਾਰ ਪ੍ਰਕਾਰ ਦੀਆਂ ਜੂਨਾਂ ਵਿਚ ਭਟਕ ਰਿਹਾ ਹੈ। – ਪ੍ਰੰਤੂ ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਹੇ ਪ੍ਰਭ! ਮੇਰੇ ਲਈ ਤੇਰਾ ਨਾਮ ਸਿਮਰਨ ਹੀ ਸੱਚੀ ਆਰਤੀ ਹੈ ਅਤੇ ਮੈਂ ਸਤਿਨਾਮ ਦੇ ਸਿਮਰਨ ਦਾ ਹੀ ਤੈਨੂੰ ਭੋਗ



ਲਗਾਉਂਦਾ ਹਾਂ ॥੪ ॥੩ ॥

## ਸ਼ਬਦ – 24

ਹੇ ਪ੍ਰਭ! ਮੈਂ ਅਗਿਆਨੀ ਹਾਂ ਕਿਉਂਕਿ ਮੇਰਾ ਮਨ ਮਾਇਆ ਦੇ ਹੱਥੋਂ ਵਿਕਿਆ ਹੈ ॥੧ ॥ ਰਹਾਉ ॥ ਤੁਸੀਂ ਜਗਤ ਦੇ ਗੁਰੂ ਅਤੇ ਮਾਲਕ ਕਹੇ ਜਾਂਦੇ ਹੋ ਤੇ ਅਸੀਂ ਕਲਿਜੁਗੀ ਵਿਸ਼ਈ ਜੀਵ ਹਾਂ ॥੧ ॥ ਕਾਮ ਆਦਿਕ ਇਨ੍ਹਾਂ ਪੰਜਾਂ ਵਿਕਾਰਾਂ ਨੇ ਮੇਰਾ ਮਨ ਵਿਗਾੜ ਦਿੱਤਾ ਹੈ ਜੋ ਹਰ ਪਲ ਮੈਨੂੰ ਤੈਥੋਂ ਦੂਰ ਕਰ ਰਹੇ ਹਨ ॥੨ ॥ ਜਿੱਧਰ ਵੀ ਦੇਖਦਾ ਹਾਂ, ਸਾਰੀ ਲੋਕਾਈ ਦੁਖੀ ਹੈ ਫਿਰ ਵੀ ਮੈਨੂੰ ਯਕੀਨ ਨਹੀਂ ਹੁੰਦਾ ਭਾਵੇਂ ਵੇਦ ਸ਼ਾਸ਼ਤਰਾਂ ਦੀਆਂ ਸਾਖੀਆਂ ਇਸ ਦੀ ਗਵਾਹੀ ਭਰਦੀਆਂ ਹਨ ॥੩ ॥ ਇਨ੍ਹਾਂ ਵਿਕਾਰਾਂ ਵਿਚ ਫਸ ਕੇ ਇੰਦਰ ਨੇ ਗੌਤਮ ਰਿਸ਼ੀ ਦੀ ਪਤਨੀ ਅਹਿੱਲਿਆ ਨਾਲ ਵਿਭਚਾਰ ਕੀਤਾ, ਗੌਤਮ ਦੇ ਸਰਾਪ ਨਾਲ ਇੰਦਰ ਦੇ ਸਰੀਰ ’ਤੇ ਹਜ਼ਾਰਾਂ ਭਗ (ਇਸਤਰੀ ਦੇ ਗੁਪਤ ਅੰਗ) ਫੁੱਟ ਪਏ। ਭਗਵਾਨ ਬ੍ਰਹਮਾ ਕਾਮ ਵਿਚ ਆਪਣੀ ਹੀ ਧੀ ’ਤੇ ਮੋਹਿਤ ਹੋਇਆ ਤੇ ਭਗਵਾਨ ਸ਼ਿਵ ਨੇ ਕ੍ਰੋਧ ਵਿਚ ਉਸ ਦਾ ਸਿਰ ਕੱਟ ਦਿੱਤਾ ॥੪ ॥ ਭਾਵੇਂ ਉਪਰੋਕਤ ਵਰਨਣ ਦੇਵਤਿਆਂ ਆਦਿ ਦੇ ਵਿਕਾਰਾਂ ਤੋਂ ਖੁਆਰ ਹੋਣ ਦਾ ਪਤਾ ਲੱਗ ਗਿਆ ਹੈ ਕਿ ਦੁਸ਼ਟ ਵਿਕਾਰ ਜੀਵ ਨੂੰ ਕੋਹ-ਕੋਹ ਕੇ ਮਾਰਦੇ ਹਨ ਪਰ ਫਿਰ ਵੀ ਮੇਰਾ ਮਨ ਵੱਡਾ ਨਿਰਲੱਜ ਹੈ ਕਿ ਇਹ ਅਜੇ ਤੱਕ ਹਾਰ ਨਹੀਂ ਮੰਨਦਾ ॥੫ ॥ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਪਾਉਣ ਲਈ ਕੀ ਕਰਾਂ, ਕਿੱਥੇ ਜਾਵਾਂ? ਫਿਰ ਆਪ ਹੀ ਉੱਤਰ ਦਿੰਦੇ ਹਨ ਕਿ ਇਕ ਬ੍ਰਹਮ ਗੁਰੂ ਭਾਵ ਪ੍ਰਭ ਤੋਂ ਬਿਨਾਂ ਕਿਸੇ ਹੋਰ ਦੀ ਸ਼ਰਨ ਨਹੀਂ ਲਈ ਜਾ ਸਕਦੀ ॥੬ ॥੧ ॥

## ਸ਼ਬਦ – 25

ਸਾਧਕ ਰੂਪੀ ਇਸਤਰੀ ਹੀ ਆਪਣੇ ਪਤੀ ਪ੍ਰਮਾਤਮਾ ਦੀ ਕਦਰ ਜਾਣਦੀ ਹੈ ਜੋ ਆਪਣੇ ਹੰਕਾਰ ਨੂੰ ਛੱਡ ਕੇ ਸੁੱਖ ਮਾਣਦੀ ਹੈ। ਉਹ ਆਪਣਾ ਸਭ ਕੁਝ ਅਰਪਣ ਕਰ ਦਿੰਦੀ ਹੈ ਤੇ ਪ੍ਰਭ ਬਿਨਾਂ ਕਿਸੇ ਹੋਰ ਦਾ ਆਸਰਾ ਨਹੀਂ ਤੱਕਦੀ ॥੧॥ ਜਿਨ੍ਹਾਂ ਨੇ ਪ੍ਰਭ ਨਾਲ ਪ੍ਰੇਮ ਨਹੀਂ ਕੀਤਾ, ਉਹ ਉਸ ਦੇ ਪ੍ਰੇਮ ਦੇ ਵਿਛੋੜੇ ਦੀਆਂ ਪੀੜਾਂ ਕਿਵੇਂ ਜਾਣ ਸਕਦੀਆਂ ਹਨ ॥੧॥ ਰਹਾਉ ॥ ਜਿਨ੍ਹਾਂ ਨੇ ਪ੍ਰਭ ਨਾਲ ਪ੍ਰੇਮ ਨਹੀਂ ਕੀਤਾ, ਭਗਤੀ ਨਹੀਂ ਕੀਤੀ, ਉਹ ਲੋਕ-ਪ੍ਰਲੋਕ ਵਿਚ ਦੁਖੀ ਹੁੰਦੀਆਂ ਹਨ। – ਉਨ੍ਹਾਂ ਨੂੰ ਪੁਰਸਲਾਤ ਦਾ ਕਠਿਨ ਪੰਧ ਬਿਨਾਂ ਸਾਥੀ ਤੋਂ ਲੰਘਣਾ ਪੈਂਦਾ ਹੈ ॥੨॥ ਮੈਂ ਦੁਖੀ ਅਤੇ ਦਰਦਵੰਦ ਤੇਰੇ ਦਰ 'ਤੇ ਆਇਆ ਹਾਂ। ਤੇਰੇ ਦਰਸ਼ਨਾਂ ਦੀ ਬੜੀ ਤਾਂਘ ਹੈ ਪਰ ਤੁਹਾਡੇ ਵੱਲੋਂ ਕੋਈ ਉਤਰ ਨਹੀਂ ਮਿਲ ਰਿਹਾ। – ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ ! ਮੈਂ ਤੇਰੀ ਸ਼ਰਨ ਵਿਚ ਹਾਂ, ਤੁਸੀਂ ਜਿਵੇਂ ਚਾਹੋ ਉਵੇਂ ਮੈਨੂੰ ਮੁਕਤੀ ਪ੍ਰਦਾਨ ਕਰੋ ॥੩॥੧॥

## ਸ਼ਬਦ – 26

ਜਿਵੇਂ ਦਿਨ ਚੜ੍ਹਦਾ ਅਤੇ ਛਿੱਪ ਜਾਂਦਾ ਹੈ ਇਵੇਂ ਜੀਵ ਜੰਮਦਾ ਅਤੇ ਮਰ ਜਾਂਦਾ ਹੈ। ਸਾਰਿਆਂ ਨੇ ਕੂਚ ਕਰ ਜਾਣਾ ਹੈ, ਕਿਸੇ ਨੇ ਟਿਕੇ ਨਹੀਂ ਰਹਿਣਾ। ਸੰਗੀ-ਸਾਥੀ ਜਾ ਰਹੇ ਹਨ, ਪੈਂਡਾ ਵੀ ਦੂਰ ਦਾ ਹੈ ਪਰ ਮੌਤ ਸਿਰ 'ਤੇ ਆਣ ਖੜ੍ਹੀ ਹੈ ॥੧॥ ਐਹ ਮੂਰਖ ਮਨੁੱਖ ! ਤੂੰ ਅਗਿਆਨਤਾ ਦੀ ਨੀਂਦਰ ਸੁੱਤਾ ਆਪਣੇ ਜੀਵਨ ਅਤੇ ਜਗਤ ਨੂੰ ਸੱਚ ਮੰਨ ਲਿਆ ਹੈ ॥੧॥ ਰਹਾਉ ॥ ਤੂੰ ਅੰਨ (ਰੋਟੀ) ਦੀ ਖਾਤਰ ਪ੍ਰਭ ਨੂੰ ਵਿਸਾਰੀ ਬੈਠਾ ਹੈਂ ਪਰ ਹੇ ਭਾਈ, ਪ੍ਰਭ ਨੇ ਜਿਸ ਵੀ ਜੀਵ ਨੂੰ



ਜਨਮ ਦਿੱਤਾ ਹੈ, ਉਸ ਵਾਸਤੇ ਭੋਜਨ ਦੇ ਭੰਡਾਰ ਵੀ ਪੈਦਾ ਕੀਤੇ ਹਨ। ਭੋਜਨ ਦਾ ਪ੍ਰਬੰਧ ਪ੍ਰਭ ਹਰ ਜੀਵ ਵਿਚ ਬੈਠਾ ਆਪ ਕਰਦਾ ਹੈ। ਹੇ ਜੀਵ ! ਹੰਕਾਰ ਛੱਡ ਕੇ ਪ੍ਰਭ ਦੀ ਬੰਦਗੀ ਕਰ ਤੇ ਆਪਣੀ ਸਵੇਰ ਸੰਭਾਲ ਲੈ ॥੨॥ ਤੇਰਾ ਜੀਵਨ ਮੁੱਕਦਾ ਜਾ ਰਿਹਾ ਹੈ ਪਰ ਤੂੰ ਆਪਣਾ ਅਗਲਾ ਰਾਹ ਸੰਵਾਰਿਆ ਨਹੀਂ ਹੈ। ਬੁਢੇਪੇ ਦੀ ਸ਼ਾਮ ਪੈ ਗਈ ਤਾਂ ਚੁਫੇਰੇ ਹਨ੍ਹੇਰਾ ਛਾ ਜਾਣਾ ਹੈ। ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਹੇ ਕਮਲੇ ! ਤੂੰ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ। ਇਹ ਦੁਨੀਆ ਤਾਂ ਨਾਸ਼ ਹੋ ਜਾਣੀ ਹੈ ॥੩॥੨॥

## ਸ਼ਬਦ – 27

ਐਹ ਮਨੁੱਖ ! ਤੂੰ ਆਪਣੇ ਜੀਵਨ ਦੇ ਅਸਲੀ ਮੰਤਵ ਨੂੰ ਭੁੱਲ ਕੇ ਉੱਚੇ ਮਹਿਲ ਅਤੇ ਵਧੀਆ ਰਸੋਈ ਬਣਾ ਕੇ ਹੰਕਾਰ ਕਰਦਾ ਹੈਂ। ਅੰਤ ਵੇਲੇ ਇਨ੍ਹਾਂ ਵਿਚ ਤੈਨੂੰ ਇਕ ਘੜੀ ਵੀ ਰਹਿਣਾ ਨਹੀਂ ਮਿਲਣਾ ॥੧॥ ਇਹ ਸਰੀਰ ਤਾਂ ਸੁੱਕੇ ਘਾਹ ਦੀ ਛੱਪਰੀ ਵਾਂਗ ਹੈ ਜੋ ਅੱਗ ਲੱਗਣ ਨਾਲ ਪਲਾਂ ਵਿਚ ਰਾਖ ਹੋ ਕੇ ਮਿੱਟੀ ਵਿਚ ਮਿਲ ਜਾਂਦੀ ਹੈ ॥੧॥ ਰਹਾਉ ॥ ਮਰਨ ਉਪਰੰਤ ਸਾਰੇ ਸੰਬੰਧੀ ਤੈਨੂੰ ਘਰੋਂ ਛੇਤੀ ਤੋਂ ਛੇਤੀ ਕੱਢਣ ਲਈ ਕਹਿਣਗੇ ॥੨॥ ਇਥੋਂ ਤੱਕ ਕਿ ਹਮੇਸ਼ਾ ਨਾਲ ਰਹਿਣ ਵਾਲੀ ਤੇਰੀ ਪਤਨੀ ਤੈਨੂੰ ਮਰ ਗਿਆ, ਮਰ ਗਿਆ ਕਹਿ ਕੇ ਦੂਰ ਹੋ ਜਾਂਦੀ ਹੈ ॥੩॥ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਸਾਰਾ ਜਗਤ ਮੋਹ-ਮਾਇਆ ਨਾਲ ਠੱਗਿਆ ਜਾ ਰਿਹਾ ਹੈ। ਪ੍ਰੰਤੂ ਮੈਂ ਤਾਂ ਇਕ ਪ੍ਰਭ ਦੀ ਬੰਦਗੀ ਕਰਕੇ ਬਚ ਗਿਆ ਹਾਂ ॥੪॥੩॥

## ਸ਼ਬਦ – 28

ਮੇਰੀ ਗਰੀਬੀ ਦੇਖ ਕੇ ਸਭ ਹੱਸਦੇ ਸਨ – ਪਰ ਹੇ ਪ੍ਰਭ ! ਤੇਰੀ ਕਿਰਪਾ ਨਾਲ ਮੇਰੀ ਤਲੀ 'ਤੇ ਅਠਾਰਾਂ ਸਿੱਧੀਆਂ ਹਨ ਭਾਵ ਹਰ ਨਿਆਮਤ ਹੈ ॥੧॥ ਹੇ ਮੁਕਤੀਦਾਤਾ। ਤੂੰ ਜਾਣਦਾ ਹੈਂ ਕਿ ਮੈਂ ਕੁਝ ਵੀ ਨਹੀਂ ਹਾਂ – ਪਰ ਜਿਵੇਂ ਤੂੰ ਮੇਰੇ 'ਤੇ ਬਖਸ਼ਿਸ਼ ਕੀਤੀ ਹੈ ਜੋ ਵੀ ਤੇਰੀ ਸ਼ਰਨ ਆਉਂਦੇ ਹਨ, ਉਨ੍ਹਾਂ 'ਤੇ ਤੂੰ ਕਿਰਪਾ ਕਰਦਾ ਹੈਂ ॥੧॥ ਰਹਾਉ ॥ ਜੋ ਕੇਵਲ ਤੇਰੀ ਸ਼ਰਨ ਆਉਂਦੇ ਹਨ, ਉਨ੍ਹਾਂ ਨੂੰ ਪਾਪਾਂ ਦਾ ਭਾਰ ਨਹੀਂ ਲੱਗਦਾ। – ਤੇਰੀ ਸ਼ਰਨ ਆਏ ਚੰਗੇ-ਮਾੜੇ ਸਭ ਜੀਵ ਭਵਸਾਗਰ ਤੋਂ ਤਰ ਜਾਂਦੇ ਹਨ ॥੨॥ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭ ਤੇਰੀਆਂ ਬਖਸ਼ਿਸ਼ਾਂ ਤਾਂ ਕਥੀਆਂ ਨਹੀਂ ਜਾ ਸਕਦੀਆਂ। – ਬਸ ਇਹੀ ਕਹਿ ਸਕਦੇ ਹਾਂ ਕਿ ਤੇਰੇ ਵਰਗਾ ਕੇਵਲ ਤੂੰ ਹੀ ਹੈਂ, ਤੇਰੀ ਉਪਮਾ ਕਿਸੇ ਹੋਰ ਨਾਲ ਨਹੀਂ ਹੋ ਸਕਦੀ ॥੩॥੧॥

## ਸ਼ਬਦ – 29

ਜਿਸ ਕੁੱਲ ਵਿਚ ਪ੍ਰਭ ਦਾ ਭਗਤ ਪੈਦਾ ਹੁੰਦਾ ਹੈ ਉਹ ਉੱਚੀ-ਨੀਵੀਂ ਜਾਤ, ਅਮੀਰ-ਗਰੀਬ ਕਰਕੇ ਨਹੀਂ – ਬਲਕਿ ਪਵਿੱਤਰ ਕਰਮਾਂ ਕਰਕੇ ਸੰਸਾਰ ਵਿਚ ਸ਼ੋਭਾ ਪਾਉਂਦਾ ਹੈ ॥੧॥ ਰਹਾਉ ॥ ਭਾਵੇਂ ਕੋਈ ਬ੍ਰਾਹਮਣ, ਵੈਸ਼, ਸ਼ੂਦਰ, ਖੱਤਰੀ, ਮਰਾਸੀ, ਚੰਡਾਲ ਜਾਂ ਮਲੀਨ ਮਨ ਵਾਲਾ ਹੋਏ, ਉਨ੍ਹਾਂ ਸਾਰਿਆਂ ਵਿਚ ਪ੍ਰਭ ਹੀ ਵਸਦਾ ਹੈ ਅਤੇ ਉਹ ਪ੍ਰਭ ਦੀ ਬੰਦਗੀ ਕਰਕੇ ਪਵਿੱਤਰ ਹੋ ਜਾਂਦਾ ਹੈ ਅਤੇ ਆਪਣੇ ਦਾਦਕੇ ਤੇ ਨਾਨਕੇ ਦੋਹਾਂ ਕੁੱਲਾਂ ਨੂੰ ਤਾਰ ਦਿੰਦਾ ਹੈ ॥੨॥ ਉਹ ਪਿੰਡ,



ਥਾਂ, ਪਰਿਵਾਰ ਸਾਰੇ ਜਗਤ ਵਿਚ ਧੰਨ ਹੁੰਦੇ ਹਨ ਜਿਥੇ ਪ੍ਰਭ ਦਾ ਭਗਤ ਜਨਮ ਲੈਂਦਾ ਹੈ ਅਤੇ ਉਸ ਨੇ ਪ੍ਰਭ-ਪ੍ਰੇਮ ਦਾ ਅੰਮ੍ਰਿਤ ਪੀ ਕੇ ਬਾਕੀ ਸੁਆਦ ਤਿਆਗੇ ਤੇ ਵਿਕਾਰਾਂ ਦਾ ਨਾਸ਼ ਕੀਤਾ ॥੨॥ ਵੱਡਾ ਵਿਦਵਾਨ, ਸੂਰਮਾ, ਚੱਕਰਵਤੀ ਰਾਜਾ ਜਾਂ ਕੋਈ ਹੋਰ ਮਨੁੱਖ ਪ੍ਰਭ ਦੇ ਭਗਤ ਦੇ ਬਰਾਬਰ ਵੀ ਨਹੀਂ ਹੈ। ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਜਿਵੇਂ ਚੁਪੱਤੀ ਪਾਣੀ ਦੇ ਹੀ ਨੇੜੇ ਰਹਿ ਸਕਦੀ ਹੈ, ਉਸੇ ਤਰ੍ਹਾਂ ਪ੍ਰਭ-ਭਗਤ ਨਿਰਾਲੇ ਹਨ ਜਿਹੜੇ ਪ੍ਰਭ-ਚਰਨਾਂ ਵਿਚ ਹੀ ਜੀਉਂਦੇ ਰਹਿ ਸਕਦੇ ਹਨ ॥੩॥੨॥

## ਸ਼ਬਦ – 30

ਹੇ ਸੰਸਾਰ ਦੇ ਲੋਕੋ ! ਹਰ ਦਮ ਮੁਕਤੀ ਦੇਣ ਵਾਲੇ ਪ੍ਰਭ ਦਾ ਨਾਮ ਜਪੋ। ਇਸ ਤੋਂ ਬਿਨਾਂ ਇਹ ਤਨ ਵਿਅਰਥ ਚਲਾ ਜਾਂਦਾ ਹੈ। – ਉਹੋ ਪ੍ਰਭ ਮੁਕਤੀ ਦਾ ਦਾਤਾ ਅਤੇ ਸਾਡਾ ਮਾਤਾ-ਪਿਤਾ ਹੈ ॥੧॥ ਜੋ ਮਨੁੱਖ ਜਿਉਂਦੇ-ਜੀਅ ਪ੍ਰਭ ਨਾਲ ਜੁੜਿਆ ਰਹਿੰਦਾ ਹੈ, ਮਰਨ ਸਮੇਂ ਵੀ ਉਸ ਦੀ ਸੁਰਤੀ ਪ੍ਰਭ ਨਾਲ ਜੁੜੀ ਰਹਿੰਦੀ ਹੈ, ਉਹ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ ॥੧॥ ਰਹਾਉ ॥ ਪ੍ਰਭ ਦੇ ਨਾਮ ਦਾ ਜਾਪ ਮੇਰੇ ਪ੍ਰਾਣਾਂ ਦਾ ਆਸਰਾ ਹੈ ਜਿਸ ਨਾਲ ਮੱਥੇ 'ਤੇ ਆਭਾਨੂਰ (ਨੂਰ) ਚਮਕਣ ਲੱਗ ਪੈਂਦਾ ਹੈ। ਨਾਮ ਦਾ ਜਾਪ ਸੇਵਕ ਨੂੰ ਵੈਰਾਗੀ ਬਣਾ ਦਿੰਦਾ ਹੈ ਅਤੇ ਆਤਮਿਕ ਤੌਰ 'ਤੇ ਗਰੀਬ ਨੂੰ ਆਤਮਿਕ ਸ਼ਕਤੀ ਰੂਪੀ ਧੰਨ ਲੱਭ ਪੈਂਦਾ ਹੈ ॥੨॥ ਜੇਕਰ ਪ੍ਰਭ ਹੀ ਸਾਡੇ 'ਤੇ ਉਪਕਾਰੀ ਹੋ ਜਾਂਦਾ ਹੈ ਤਾਂ ਫਿਰ ਸੰਸਾਰ ਸਾਡਾ ਕੀ ਵਿਗਾੜ ਸਕਦਾ ਹੈ ? ਮੈਨੂੰ ਤੇਰੇ ਚਰਨਾਂ 'ਚ ਥਾਂ ਮਿਲਿਆ ਹੈ, ਤੂੰ ਹੀ ਯੁੱਗਾਂ-ਯੁੱਗਾਂਤਰਾਂ ਤੋਂ ਆਪਣੇ ਸੇਵਕਾਂ ਨੂੰ ਪਾਰ ਲੰਘਾਉਂਦਾ

ਹੈ ॥੩ ॥ ਤੇਰੇ ਸਿਮਰਨ ਨਾਲ ਮੇਰੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ, ਤੂੰ ਕ੍ਰਿਪਾ ਕਰਕੇ ਮੈਨੂੰ ਆਪਣਾ ਸੇਵਕ ਬਣਾ ਲਿਆ ਹੈ। – ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਹੁਣ ਮੇਰੀ ਤ੍ਰਿਸ਼ਨਾ ਮੁੱਕ ਗਈ ਹੈ, ਹੁਣ ਮੈਂ ਉਸ ਦੇ ਸਿਮਰਨ ਵਿਚ ਮਗਨ ਹਾਂ ॥੪ ॥੧ ॥

## ਸ਼ਬਦ – 31

ਜੇਕਰ ਨਿੰਦਕ ਭਾਵੇਂ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਵੇ, ਬਾਰਾਂ ਸ਼ਿਵਲਿੰਗਾਂ ਦੀ ਪੂਜਾ ਕਰੇ, ਲੋਕ ਸੇਵਾ ਲਈ ਖੂਹ ਤੇ ਤਲਾਅ ਲਵਾ ਦੇਵੇ, ਜੇਕਰ ਉਹ ਸੱਚੇ ਸੰਤਾਂ ਦੀ ਨਿੰਦਾ ਕਰਦਾ ਹੈ ਤਾਂ ਇਹ ਸੇਵਾ ਵਿਅਰਥ ਚਲੀ ਜਾਂਦੀ ਹੈ ॥੧ ॥ ਸੱਚੇ ਸੰਤਾਂ ਦੀ ਨਿੰਦਿਆ ਕਰਨ ਵਾਲਾ ਤਰ ਨਹੀਂ ਸਕਦਾ, ਉਸ ਦੇ ਸਿਰ 'ਤੇ ਨਰਕਾਂ ਦਾ ਭਾਰ ਪੈਂਦਾ ਹੀ ਹੈ ॥੧ ॥ ਰਹਾਉ ॥ ਜੇ ਉਹ ਗ੍ਰਹਿਣ ਸਮੇਂ ਕੁਰੂਕਸ਼ੇਤਰ ਜਾ ਕੇ ਇਸ਼ਨਾਨ ਕਰੇ। ਪਤਨੀ ਹਾਰ-ਸ਼ਿੰਗਾਰ ਕਰਕੇ ਦਾਨ ਕਰੇ। ਸਤਾਈ ਸਿਮਰਤੀਆਂ ਆਪਣੇ ਕੰਨਾਂ ਨਾਲ ਸੁਣੇ ਪਰ ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਇਸ ਦਾ ਕੋਈ ਲਾਭ ਨਹੀਂ ਹੁੰਦਾ ॥੧ ॥ ਜੇਕਰ ਉਹ ਦੇਵਤਿਆਂ ਨੂੰ ਪ੍ਰਸ਼ਾਦ ਦਾ ਭੋਗ ਲਗਾਵੇ, ਭੂਮੀ ਮੰਦਿਰ ਦਾਨ ਕਰਕੇ ਵਡਿਆਈ ਪਾਵੇ ਅਤੇ ਆਪਣਾ ਕੰਮ ਵਿਗਾੜ ਕੇ ਦੂਸਰਿਆਂ ਦਾ ਸੰਵਾਰੇ ਪਰ ਫਿਰ ਵੀ ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਜੂਨਾਂ ਵਿਚ ਭਟਕਦਾ ਹੈ ॥੩ ॥ ਹੇ ਸੰਸਾਰ ਦੇ ਲੋਕੋ ! ਤੁਸੀਂ ਨਿੰਦਿਆ ਕਿਉਂ ਕਰਦੇ ਹੋ ? ਨਿੰਦਕ ਦਾ ਪਤਾ ਲੱਗ ਹੀ ਜਾਂਦਾ ਹੈ। ਗੁਰੂ ਰਵਿਦਾਸ ਜੀ ਉਪਦੇਸ਼ ਦਿੰਦੇ ਹਨ ਕਿ ਬਹੁਤ ਸੋਚ-ਵਿਚਾਰ ਕਰਨ ਉਪਰੰਤ ਇਹੀ ਨਿਰਣਾ ਪ੍ਰਪੱਕ ਹੁੰਦਾ ਹੈ ਕਿ



ਨਿੰਦਕ ਹਮੇਸ਼ਾ ਨਰਕਾਂ ਵਿਚ ਪੈਂਦਾ ਹੈ ਭਾਵ ਮੁਕਤ ਨਹੀਂ ਹੁੰਦਾ ॥੪ ॥੨ ॥

## ਸ਼ਬਦ – 32

ਪ੍ਰਭੂ ਦਾ ਨਾਮ ਪੜ੍ਹੀਦਾ ਵੀ ਹੈ, ਸੁਣੀਦਾ ਵੀ ਹੈ ਤੇ ਵਿਚਾਰ ਵੀ ਕਰੀਦਾ ਹੈ ਪਰ ਫਿਰ ਵੀ ਉਸ ਪ੍ਰਭ ਦੇ ਦਰਸ਼ਨ ਨਹੀਂ ਹੁੰਦੇ। – ਦਰਸ਼ਨ ਹੋਣ ਵੀ ਕਿਵੇਂ ਕਿਉਂਕਿ ਜਿੰਨਾ ਚਿਰ ਲੋਹਾ ਪਾਰਸ ਨਾਲ ਨਾ ਛੂਹੇ ਤਾਂ ਉਹ ਸੋਨਾ ਨਹੀਂ ਬਣ ਸਕਦਾ ॥੧ ॥ ਹੇ ਪ੍ਰਭ ! ਮੇਰੇ ਸ਼ੰਕਿਆਂ ਦੀ ਗੰਢ ਨਹੀਂ ਖੁੱਲ੍ਹਦੀ। ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਆਦਿ ਵਿਕਾਰਾਂ ਨੇ ਤਬਾਹ ਕਰ ਦਿੱਤਾ ਹੈ ॥੧ ॥ ਰਹਾਉ ॥ ਹੰਕਾਰ ਵਿਚ ਕਹਿੰਦੇ ਹਾਂ ਕਿ ਅਸੀਂ ਵੱਡੇ ਕਵੀ, ਉੱਚੀ ਕੁੱਲ ਵਾਲੇ, ਜੋਗੀ ਅਤੇ ਸੰਨਿਆਸੀ ਹਾਂ ਅਤੇ ਗਿਆਨੀ, ਗੁਣਵਾਨ, ਸੂਰਮੇ ਤੇ ਦਾਨੀ ਹਾਂ। ਇਹ ਬੁਰੀ ਸੋਚ ਸਾਡੇ ਵਿਚੋਂ ਨਾਸ਼ ਨਹੀਂ ਹੁੰਦੀ ॥੨ ॥ ਗੁਰੂ ਰਵਿਦਾਸ ਜੀ ਦੇ ਪਾਵਨ ਬਚਨ ਹਨ ਕਿ ਸਾਰੇ ਲੋਕ ਸਮਝ ਨਹੀਂ ਰਹੇ ਤੇ ਪਾਗਲਾਂ ਵਾਂਗ ਭੁੱਲੇ ਪਏ ਹਨ। ਪ੍ਰੰਤੂ ਮੈਨੂੰ ਤਾਂ ਪ੍ਰਭ ਦੇ ਨਾਮ ਦਾ ਆਸਰਾ ਹੈ ਜੋ ਮੇਰੇ ਜੀਵਨ ਦਾ ਪ੍ਰਾਣ ਅਤੇ ਧਨ ਹੈ ॥੩ ॥੧ ॥

## ਸ਼ਬਦ – 33

ਹੇ ਪ੍ਰਭ ! ਐਸੀ ਬਖਸ਼ਿਸ਼ ਤੇਰੇ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਹੈ। – ਗਰੀਬਾਂ ਨੂੰ ਮਾਣ ਦੇਣ ਵਾਲੇ ਪ੍ਰਭ ਤੁਸੀਂ ਮੇਰੇ ਸਿਰ 'ਤੇ ਛਤਰ ਝੁਲਾ ਕੇ ਮੈਨੂੰ ਮਾਣ ਬਖ਼ਸ਼ਿਆ ਹੈ ॥੧ ॥ ਰਹਾਉ ॥ ਜਿਸ ਦੀ ਛੋਹ (ਅਛੂਤਾਂ ਦੀ) ਨਾਲ ਜਗਤ ਨੂੰ ਭਿੱਟ ਲੱਗ ਜਾਂਦੀ ਹੈ, ਉਨ੍ਹਾਂ ਉੱਤੇ ਵੀ ਤੂੰ ਰੀਝ ਜਾਂਦਾ ਹੈ। ਨੀਵਿਆਂ ਨੂੰ ਉੱਚ ਪਦਵੀ ਦੇਣ ਵੇਲੇ ਤੂੰ ਕਿਸੇ ਤੋਂ ਡਰਦਾ ਨਹੀਂ (ਅਤੇ ਤੂੰ ਤੇਰਾ ਸਿਮਰਨ ਕਰਨ ਵਾਲਿਆਂ ਨੂੰ

ਵੀ ਨਿਰਭਉ ਬਣਾ ਦਿੰਦਾ ਹੈਂ) ॥੧॥ (ਸਰਵ ਗੁਰੂ) ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਨ ਤੇਰੀ ਬਖਸ਼ਿਸ਼ ਨਾਲ ਉੱਚੇ ਹੋ ਗਏ। (ਪ੍ਰਭ ਬੰਦਗੀ ਤੇ ਬਖਸ਼ਿਸ਼ ਨਾਲ ਉੱਚੇ ਤੇ ਨਿਰਭਉ ਹੋ ਕੇ ਸੰਸਾਰ ਨੂੰ ਕ੍ਰਾਂਤੀਕਾਰੀ ਤਬਦੀਲੀਆਂ ਪ੍ਰਦਾਨ ਕੀਤੀਆਂ) ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸੰਤ ਜਨੋਂ ਸੁਣੋ, ਉਹ ਪ੍ਰਭ ਸਭ ਕੁਝ ਕਰਨ ਦੇ ਸਮਰੱਥ ਹੈ ॥੨॥੧॥

## ਸ਼ਬਦ – 34

ਇਹ ਸ਼ਬਦ ਕੁਝ ਤਬਦੀਲੀਆਂ ਸਹਿਤ ਦੂਸਰੀ ਵਾਰ ਮਾਰੂ ਰਾਗ ਜੋ ਕਿ ਯੁੱਧ ਦਾ ਰਾਗ ਹੈ, ਵਿਚ ਆਇਆ ਹੈ। ਇਸ ਵਿਚ ਗੁਰੂ ਰਵਿਦਾਸ ਜੀ ਬ੍ਰਾਹਮਣਾਂ ਦੇ ਸਤਾਏ ਅਤੇ ਲਤਾੜੇ ਲੋਕਾਂ ਨੂੰ ਸੰਬੋਧਨ ਕਰਦੇ ਫੁਰਮਾਉਂਦੇ ਹਨ ਕਿ ਜਿਸ ਸੁੱਖਾਂ ਦੇ ਸਾਗਰ ਪ੍ਰਭ ਦੇ ਵਸ ਵਿਚ ਸਵਰਗ ਦੇ ਪੰਜੇ ਰੁੱਖ, ਚਿੰਤਾਮਣੀ ਅਤੇ ਕਾਮਧੇਨ ਹਨ–ਉਸੇ ਪ੍ਰਭ ਦੀ ਹੱਥ ਦੀ ਤਲੀ 'ਤੇ ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌਂ ਖਜ਼ਾਨੇ ਹਨ। ਸੋ ਇਹ ਸਭ ਕੁਝ ਪ੍ਰਭ ਦੇ ਹੱਥ ਵਿਚ ਹਨ, ਦੇਵੀ ਦੇਵਤਿਆਂ ਦੇ ਹੱਥ ਵਿਚ ਨਹੀਂ ॥੧॥ – ਇਸ ਕਰਕੇ ਤੁਸੀਂ ਬਾਕੀ ਰਚੇ ਗ੍ਰੰਥਾਂ ਦੀ ਵਿਚਾਰਧਾਰਾ ਛੱਡ ਕੇ ਪ੍ਰਭ ਦਾ ਸਿਮਰਨ ਕਰੋ ॥ਰਹਾਉ॥ ਪੁਰਾਣਾਂ, ਵੇਦਾਂ ਆਦਿ ਦੀਆਂ ਕਥਾਵਾਂ, ਵਿਧੀਆਂ ਅਤੇ ਦੇਵਨਾਗਰੀ ਦੇ ਚੌਂਤੀ ਅੱਖਰਾਂ ਵਿਚ ਰਚਿਆ ਸਾਹਿਤ ਕੇਵਲ ਵਾਕ ਰਚਨਾ ਹਨ। ਵੇਦਾਂ ਦੇ ਖੋਜੀ ਮਹਾਂਰਿਸ਼ੀ ਵੇਦ ਵਿਆਸ ਜੀ ਨੇ ਵਿਚਾਰ ਕੇ ਇਹ ਸਿੱਟਾ ਕੱਢਿਆ ਹੈ ਕਿ ਇਹ ਤਾਂ ਪ੍ਰਭ ਸਿਮਰਨ ਦੇ ਬਰਾਬਰ ਵੀ ਨਹੀਂ ਹਨ ॥੧॥੨॥ ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੀ ਸੁਰਤੀ ਪ੍ਰਭ ਸਿਮਰਨ ਵਿਚ ਲੱਗ ਗਈ ਹੈ।–ਗੁਰੂ ਰਵਿਦਾਸ ਜੀ



ਫੁਰਮਾਉਂਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਹ ਜਨਮ–ਮਰਨ ਦੇ ਡਰ ਤੋਂ ਮੁਕਤ ਹੋ ਜਾਂਦੇ ਹਨ। ਅਜਿਹੀ ਨਿਡਰ ਆਤਮਾ ਯੋਧਾ ਬਣ ਕੇ ਕ੍ਰਾਂਤੀ ਮਚਾ ਦਿੰਦੀ ਹੈ ॥੩॥੨॥

## ਸ਼ਬਦ – 35

ਜੇ ਕੋਈ ਉੱਚੀ ਕੁੱਲ ਵਾਲਾ ਬ੍ਰਾਹਮਣ 6 ਕਰਮ ਕਰੇ ਪਰ ਉਸ ਦੇ ਹਿਰਦੇ ਵਿਚ ਪ੍ਰਭ–ਪ੍ਰੇਮ ਨਹੀਂ ਹੈ ਅਤੇ ਨਾ ਹੀ ਉਸ ਨੂੰ ਪ੍ਰਭ ਦੀ ਕਥਾ ਭਾਉਂਦੀ ਹੈ ਤਾਂ ਉਹ ਚੰਡਾਲ ਸਮਾਨ ਹੈ ॥੧॥ ਹੇ ਮੇਰੇ ਨਿਕੰਮੇ ਮਨ ! ਤੂੰ ਜਾਗਦੇ–ਸੌਂਦੇ ਪ੍ਰਭ ਨੂੰ ਚੇਤੇ ਕਰ – ਤੂੰ ਮਹਾਂਰਿਸ਼ੀ ਬਾਲਮੀਕ ਜੀ ਵੱਲ ਕਿਉਂ ਨਹੀਂ ਦੇਖਦਾ ? – ਉਹ ਨੀਵੀਂ ਕੁੱਲ ਵਿਚ ਹੁੰਦਿਆਂ ਪ੍ਰਭ–ਭਗਤੀ ਕਰਕੇ ਅਮਰ ਪਦ ਨੂੰ ਪ੍ਰਾਪਤ ਹੋਏ ॥੧॥ ਰਹਾਉ ॥ ਨੀਚ ਕਿਹਾ ਜਾਣ ਵਾਲਾ ਸੁਆਨ ਸਤ੍ਰ ਪ੍ਰਭ ਨਾਲ ਪਿਆਰ ਲਗਾਉਂਦਾ ਸੀ – ਲੋਕੀਂ ਉਸ ਦੀ ਕੀ ਸਲਾਹੁਤਾ ਕਰ ਸਕਦੇ ਸਨ। ਉਸ ਦੀ ਵਡਿਆਈ ਤਾਂ ਤਿੰਨਾਂ ਲੋਕਾਂ ਵਿਚ ਹੋ ਰਹੀ ਹੈ ॥੨॥ ਬੁਰੀ ਮੱਤ ਵਾਲੇ ਅਜਾਮਲ (ਪਾਪੀ), ਪਿੰਗਲਾ (ਵੇਸਵਾ), ਲੁਭਤ (ਸ਼ਿਕਾਰੀ), ਕੁੰਚਰ (ਗਜਰਾਜ ਹਾਥੀ) ਆਦਿ ਪ੍ਰਭੂ ਸਿਮਰਨ ਦੁਆਰਾ ਮੁਕਤ ਹੋ ਗਏ ਤਾਂ ਹੇ (ਗੁਰੂ) ਰਵਿਦਾਸ, ਤੂੰ ਕਿਉਂ ਨਹੀਂ ਤਰ ਸਕੇਂਗਾ ? ॥੩॥੧॥

## ਸ਼ਬਦ – 36

ਪ੍ਰਭ ਦਿੱਸਦਾ ਨਹੀਂ, ਇਸ ਕਰਕੇ ਉਸ ਨੂੰ ਪ੍ਰਾਪਤ ਕਰਨ ਦੀ ਆਸ਼ਾ ਨਹੀਂ ਬੱਝਦੀ – ਅਸਲੀਅਤ ਇਹ ਵੀ ਹੈ ਕਿ ਦਿੱਸਣ ਵਾਲੀ ਹਰ ਸ਼ੈਅ ਨਾਸ਼ਵਾਨ ਹੈ। ਪ੍ਰੰਤੂ ਪ੍ਰਭ ਅਵਿਨਾਸ਼ੀ ਹੈ, ਜੋ ਪੂਰੀ ਸਮਝ ਨਾਲ ਪ੍ਰਭੂ ਨੂੰ ਜਪਦਾ ਹੈ, ਉਹੀ ਜੋਗੀ (ਭਗਤ) ਨਿਰਸਵਾਰਥ ਹੁੰਦਾ

ਹੈ ॥੧ ॥ ਜਦ ਸਾਧਕ ਪ੍ਰਭ ਨੂੰ ਸਿਮਰਦਾ ਹੈ ਤਾਂ ਜਿਵੇਂ ਲੋਹਾ ਪਾਰਸ ਨਾਲ ਛੂੰਹਦਿਆਂ ਹੀ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਸਾਧਕ ਪ੍ਰਭ ਦੀ ਛੋਹ ਪ੍ਰਾਪਤ ਕਰਦਿਆਂ ਦੁੱਖਾਂ, ਇੱਛਾਵਾਂ, ਵਿਕਾਰਾਂ ਤੋਂ ਰਹਿਤ ਪ੍ਰਭ ਰੂਪ ਹੀ ਹੋ ਜਾਂਦਾ ਹੈ ॥੧ ॥ ਰਹਾਉ ॥ ਉਹੀ ਮੁਨੀ ਹੈ ਜੋ ਮਨ ਦੇ ਦੁੱਖਾਂ ਨੂੰ ਮਿਟਾ ਕੇ ਇੱਛਾਵਾਂ ਨੂੰ ਕਾਬੂ ਕਰ ਲੈਂਦਾ ਹੈ ਅਤੇ ਸ੍ਰਿਸ਼ਟੀ ਵਿਚ ਵਿਆਪਕ ਪ੍ਰਭ ਨਾਲ ਇਕਮਿਕ ਹੋ ਜਾਂਦਾ ਹੈ। ਦੁਨੀਆ ਮਨ ਦੇ ਵਿਕਾਰਾਂ, ਇੱਛਾਵਾਂ ਪਿੱਛੇ ਦੁਖੀ ਹੋਈ ਤੜਫ਼ ਰਹੀ ਹੈ, ਪਰ ਜੋ ਪ੍ਰਭ ਨੂੰ ਸਿਮਰਦਾ ਹੈ, ਪ੍ਰਤੱਖ ਗਿਆਨ ਪ੍ਰਾਪਤ ਕਰਕੇ ਉਹ ਉਸ ਦਾ ਹੀ ਰੂਪ ਹੋ ਜਾਂਦਾ ਹੈ ॥੨ ॥ ਫਲ ਦੀ ਪ੍ਰਾਪਤੀ ਕਾਰਨ ਪਹਿਲਾਂ ਫੁੱਲ ਖਿੜਦੇ ਹਨ ਜਦ ਫਲ ਲੱਗ ਜਾਂਦਾ ਹੈ ਤਾਂ ਫੁੱਲ ਝੜ ਜਾਂਦੇ ਹਨ। - ਇਸੇ ਤਰ੍ਹਾਂ ਸਾਧਕ ਇੱਛਾਵਾਂ, ਵਿਕਾਰਾਂ ਦਾ ਨਾਸ਼ ਕਰਨ ਲਈ ਗਿਆਨ ਦਾ ਅਭਿਆਸ ਕਰਦਾ ਹੈ। ਜਦੋਂ ਪ੍ਰਤੱਖ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਵਿਕਾਰਾਂ ਤੇ ਇੱਛਾਵਾਂ ਦਾ ਨਾਸ਼ ਹੋ ਜਾਂਦਾ ਹੈ ॥੩ ॥ ਇਸ ਤਰ੍ਹਾਂ ਸਿਆਣੀ ਇਸਤਰੀ ਘਿਓ ਦੀ ਪ੍ਰਾਪਤੀ ਲਈ ਦਹੀਂ ਨੂੰ ਰਿੜਕਦੀ ਹੈ ਜਦ ਘਿਉ ਬਣ ਜਾਂਦਾ ਹੈ ਤਾਂ ਰਿੜਕਣਾ ਬੰਦ ਕਰ ਦਿੰਦੀ ਹੈ। ਅਭਿਆਸ ਪਿੱਛੋਂ ਸਾਧਕ ਵਿਕਾਰਾਂ ਤੇ ਇੱਛਾਵਾਂ 'ਤੇ ਕਾਬੂ ਪਾ ਕੇ ਬ੍ਰਹਮ ਗਿਆਨ ਪ੍ਰਾਪਤ ਕਰਦਾ ਹੈ। ਇਹੀ ਗਿਆਨ ਨਿਰਬਾਣ ਪਦ ਦੀ ਪ੍ਰਾਪਤੀ ਪ੍ਰਦਾਨ ਕਰਦਾ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਕਹਿ ਰਹੇ ਹਨ ਹੇ ਅਭਾਗੇ! ਤੂੰ ਇਸ ਪਰਮ ਵੈਰਾਗ ਦੀ ਪ੍ਰਾਪਤੀ ਲਈ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ ? ॥੪ ॥੧ ॥



## ਸ਼ਬਦ – 37

ਹੇ ਮੇਰੀ ਕਾਇਆ (ਸਰੀਰ)! ਤੈਨੂੰ ਸੁਰਤ ਨਹੀਂ, ਤੂੰ ਅਮੀਰੀ ਠਾਠ-ਬਾਠ ਦੇਖ ਕੇ ਆਕੜੀ ਫਿਰਦੀ ਹੈਂ। ਇੱਥੇ ਹੰਕਾਰੀ ਲਈ ਕੋਈ ਥਾਂ ਨਹੀਂ, ਤੇਰੇ ਸਿਰ 'ਤੇ ਕਾਲ ਚੱਕਰ ਲਾ ਰਿਹਾ ਹੈ ॥੧ ॥ ਹੇ ਕਮਲੀ ਕਾਇਆ! ਤੂੰ ਹੰਕਾਰ ਕਿਉਂ ਕਰਦੀ ਐਂ? ਤੂੰ ਤਾਂ ਭਾਦੋਂ ਮਹੀਨੇ ਵਿਚ ਉੱਘੀ ਹੋਈ ਖੁੰਭ ਦੀ ਨਿਆਂਈ ਛੇਤੀ ਨਾਸ਼ ਹੋਣ ਵਾਲੀ ਹੈਂ ॥੧ ॥ ਰਹਾਉ ॥ ਹਿਰਨ ਨੂੰ ਇਸ ਭੇਦ ਬਾਰੇ ਪਤਾ ਨਹੀਂ ਕਿ ਉਹ ਸੁਗੰਧੀ ਉਸ ਦੇ ਸਰੀਰ ਵਿਚੋਂ ਆ ਰਹੀ ਹੈ ਜਿਸ ਨੂੰ ਉਹ ਬਾਹਰ ਭਾਲਦਾ ਫਿਰਦਾ ਹੈ। ਜੋ ਮਨੁੱਖ ਇਸ ਗੱਲ ਦਾ ਵਿਚਾਰ ਕਰਦਾ ਹੈ ਕਿ ਪ੍ਰਭ ਉਸ ਨੂੰ ਹਿਰਦੇ ਵਿਚੋਂ ਹੀ ਮਿਲਣਾ ਹੈ, ਉਹ ਜਮਦੂਤਾਂ ਦੀ ਖੁਆਰੀ ਤੋਂ ਬਚ ਜਾਂਦਾ ਹੈ ॥੨ ॥ ਤੂੰ ਆਪਣੇ ਪੁੱਤਰ ਤੇ ਪਤਨੀ ਦਾ ਹੰਕਾਰ ਕਰਦਾ ਪ੍ਰਭ ਨੂੰ ਭੁੱਲੀਂ ਬੈਠਾ ਹੈਂ ਪ੍ਰੰਤੂ ਪ੍ਰਭ ਨੇ ਤਾਂ ਕੀਤੇ ਕਰਮਾਂ ਦਾ ਲੇਖਾ ਮੰਗਣਾ ਹੀ ਹੈ -ਮਰਨ ਉਪਰੰਤ ਸਬੰਧੀਆਂ ਨੇ ਨਾਲ ਨਹੀਂ ਜਾਣਾ ਫਿਰ ਕਿਸ ਨੂੰ ਪਿਆਰਾ-ਪਿਆਰਾ ਕਹਿ ਕੇ ਪੁਕਾਰੇਗਾ ॥੩ ॥ ਜੋ ਮਨੁੱਖ (ਸੱਚੇ) ਸਾਧੂ ਦੀ ਓਟ ਲੈਂਦਾ ਹੈ, ਉਸ ਦੇ ਸਾਰੇ ਪਾਪ ਮਿਟ ਜਾਂਦੇ ਹਨ। ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜੋ ਪਾਰਬ੍ਰਹਮ (ਪ੍ਰਭ) ਦਾ ਸਿਮਰਨ ਕਰਦੇ ਹਨ, ਉਨ੍ਹਾਂ ਦਾ ਵਿਕਾਰੀ ਸੁਭਾਅ ਮਿਟ ਜਾਂਦਾ ਹੈ ਤੇ ਉਨ੍ਹਾਂ ਦੇ ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ ਤੇ ਉਹ ਜੂਨਾਂ ਵਿਚ ਨਹੀਂ ਪੈਂਦੇ ॥੪ ॥੧ ॥

## ਸ਼ਬਦ – 38

ਹੇ ਨਗਰ ਦੇ ਬ੍ਰਾਹਮਣ ਜਨੋ! ਮੇਰੀ ਜਾਤ ਚਮਾਰ ਕਰਕੇ ਪ੍ਰਸਿੱਧ ਹੈ ਜਿਸ ਕਰਕੇ ਮੈਨੂੰ ਤੁਹਾਡੇ ਵੱਲੋਂ ਪ੍ਰਭ ਸਿਮਰਨ ਦਾ

ਅਧਿਕਾਰ ਨਹੀਂ। ਪਰ ਮੇਰੇ ਹਿਰਦੇ ਵਿਚ ਪ੍ਰਭ ਦੇ ਗੁਣ ਵਸ ਰਹੇ ਹਨ ॥੧॥ ਰਹਾਉ ॥ ਸ਼ਰਾਬ ਭਾਵੇਂ ਗੰਗਾ ਜਲ ਤੋਂ ਬਣਾਈ ਜਾਵੇ ਤਾਂ ਵੀ ਸੰਤ ਜਨ ਉਸ ਨੂੰ ਪੀਂਦੇ ਨਹੀਂ। ਇਸ ਦੇ ਉਲਟ ਜੇਕਰ ਸ਼ਰਾਬ ਗੰਗਾ ਵਿਚ ਮਿਲ ਜਾਏ ਤਾਂ ਉਹ ਸ਼ਰਾਬ ਨਹੀਂ ਰਹਿੰਦੀ। ਸਗੋਂ ਗੰਗਾ ਜਲ ਹੀ ਬਣ ਜਾਂਦੀ ਹੈ ॥੧॥ ਤਾੜ ਦੇ ਰੁੱਖ ਤੋਂ ਸ਼ਰਾਬ ਬਣਨ ਕਰਕੇ ਉਸ ਨੂੰ ਅਤੇ ਉਸ ਤੋਂ ਬਣੇ ਕਾਗ਼ਜ਼ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ। ਪਰ ਜਦੋਂ ਉਸ ਕਾਗ਼ਜ਼ ਉੱਤੇ ਪ੍ਰਭ ਦੀ ਭਗਤੀ, ਉਪਮਾ ਲਿਖ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਨਮਸਕਾਰਾਂ ਕਰਕੇ ਪੂਜਿਆ ਜਾਂਦਾ ਹੈ ॥੨॥ ਹਿੰਦੂ ਧਰਮ ਅਨੁਸਾਰ ਮੇਰੀ ਜਾਤ ਚਮੜੇ ਨੂੰ ਕੱਟਣਾ, ਛਿੱਲਣਾ ਤੇ ਮਰੇ ਪਸ਼ੂ ਬਨਾਰਸ ਦੇ ਆਸਪਾਸ ਰੋਜ਼ਾਨਾ ਢੋਹਣਾ ਹੈ। ਪਰ ਫਿਰ ਵੀ ਮੈਨੂੰ ਪ੍ਰਭ ਦੇ ਦਾਸਾਂ ਦੇ ਦਾਸ ਰਵਿਦਾਸ ਨੂੰ ਬ੍ਰਾਹਮਣਾਂ ਦੇ ਪ੍ਰਧਾਨ ਧਰਤੀ 'ਤੇ ਡੰਡੇ ਵਾਂਗ ਲੇਟ ਕੇ ਪ੍ਰਣਾਮ ਕਰਦੇ ਹਨ ॥੩॥੧॥

## ਸ਼ਬਦ – 39

ਜਿਹੜਾ ਸਾਧਕ ਪ੍ਰਭ ਦਾ ਸਿਮਰਨ ਕਰਦਾ ਹੈ, ਉਸ ਦੇ ਬਰਾਬਰ ਨਾ ਤਾਂ ਪਦਮਾਪਤੀ ਭਾਵ ਵਿਸ਼ਨੂੰ, ਨਾ ਕਵਲਾਪਤੀ ਭਾਵ ਸ਼ਿਵ ਅਤੇ ਆਨ ਕੋਊ ਭਾਵ ਬ੍ਰਹਮਾ ਵੀ ਨਹੀਂ ਹੈ। – ਪਾਰਬ੍ਰਹਮ ਕੇਵਲ ਤੇ ਕੇਵਲ ਇਕ ਹੈ ਅਤੇ ਉਹ ਅਨੇਕਾਂ ਰੂਪ ਧਾਰ ਕੇ ਸ੍ਰਿਸ਼ਟੀ ਦੇ ਕਣ-ਕਣ ਵਿਚ ਵਸ ਰਿਹਾ ਹੈ ॥੧॥ (ਗੁਰੂ) ਨਾਮਦੇਵ ਜੀ ਛੀਂਬਾ ਜਾਤ ਨਾਲ ਸੰਬੰਧਿਤ ਸਨ। ਉਨ੍ਹਾਂ ਨੇ ਇਕ ਪ੍ਰਭ ਦੀ ਸਿਫ਼ਤ-ਸਲਾਹ ਲਿਖੀ, ਕਿਸੇ ਹੋਰ ਦੀ ਪੂਜਾ ਨਹੀਂ ਕੀਤੀ। – ਵੇਦਾਂ ਦਾ ਗਿਆਤਾ ਮਹਾਂਰਿਸ਼ੀ ਵਿਆਸ ਸ਼ੂਦਰ ਸੀ ਅਤੇ ਸਨਕ ਜਿਸ ਦਾ ਗੁਰੂ ਸ਼ੂਦਰ



ਸੀ, ਦੇ ਗ੍ਰੰਥਾਂ ਵਿਚ ਦਰਜ ਹੈ ਕਿ ਨਾਮ ਦੇ ਸਿਮਰਨ ਦੀ ਮਹਿਮਾਂ ਸੰਸਾਰ ਵਿਚ ਪ੍ਰਸਿੱਧ ਹੈ ॥੨॥ ਰਹਾਉ ॥ ਜਿਸ (ਗੁਰੂ) ਕਬੀਰ ਦੇ ਵਡੇਰੇ ਈਦ ਅਤੇ ਬਕਰੀਦ ਵਾਲੇ ਦਿਨ ਗਾਵਾਂ ਦੀਆਂ ਬਲੀਆਂ ਦਿੰਦੇ ਸਨ ਅਤੇ ਸ਼ੇਖਾਂ, ਸ਼ਹੀਦਾਂ ਅਤੇ ਪੀਰਾਂ ਦੀ ਮਾਨਤਾ ਕਰਦੇ ਸਨ, ਉਸ (ਗੁਰੂ) ਕਬੀਰ ਦੇ ਬਾਪ ਨੇ ਵੀ ਉਸੇ ਤਰ੍ਹਾਂ ਹੀ ਕੀਤੀ ਪ੍ਰੰਤੂ ਉਨ੍ਹਾਂ ਦੇ ਪੁੱਤਰ (ਗੁਰੂ) ਕਬੀਰ ਤੋਂ ਇਹੋ ਜਿਹੀ ਹੀ ਸਰ ਸਕੀ (ਭਾਵ ਉਨ੍ਹਾਂ ਨੇ ਕੇਵਲ ਪ੍ਰਭ ਦਾ ਸਿਮਰਨ ਹੀ ਕੀਤਾ, ਇਹ ਕਰਮਕਾਂਡ ਨਹੀਂ ਕੀਤੇ) ਇਸ ਨਾਮ ਸਿਮਰਨ ਕਰਕੇ ਉਹ ਦੁਨੀਆ ਵਿਚ ਪ੍ਰਸਿੱਧ ਹੋਏ ॥੨॥ ਜਿਸ ਦੀ ਕੁੱਲ ਦੇ ਲੋਕ ਅੱਜ ਤੱਕ ਬਨਾਰਸ ਦੇ ਆਲੇ-ਦੁਆਲੇ ਮਰੇ ਪਸ਼ੂ ਢੋਂਹਦੇ ਫਿਰਦੇ ਸਨ, ਹੇ ਪ੍ਰਭ! ਤੇਰੇ ਸਿਮਰਨ ਦੇ ਸਦਕਾ ਉਸ ਕੁਟੰਬ ਵਿਚੋਂ ਤੇਰੇ ਦਾਸਾਂ ਦੇ ਦਾਸ ਰਵਿਦਾਸ ਨੂੰ ਬ੍ਰਾਹਮਣ ਧਰਤੀ 'ਤੇ ਡੰਡੇ ਵਾਂਗ ਲੰਮੇ ਪੈ-ਪੈ ਕੇ ਨਮਸਕਾਰਾਂ ਕਰਦੇ ਹਨ ॥੩॥੨॥

## ਸ਼ਬਦ – 40

ਗੁਰੂ ਜੀ ਦੇ ਪਾਵਨ ਬਚਨ ਹਨ ਕਿ ਪ੍ਰਭ ਕਿਹੜੀ ਭਗਤੀ ਨਾਲ ਮਿਲਦਾ ਹੈ? – ਫਿਰ ਆਪਣੀ ਪਰਖ ਵਿਧੀ ਦਾ ਨਿਚੋੜ ਦੱਸਦੇ ਹਨ ਕਿ ਮੈਨੂੰ ਤਾਂ ਸਾਧ-ਸੰਗਤ ਵਿਚ ਵਿਚਰਨ ਨਾਲ ਪ੍ਰਭ ਪ੍ਰਾਪਤੀ ਹੋਈ ਹੈ॥ ਰਹਾਉ ॥ ਸਾਧ ਸੰਗਤ ਤੋਂ ਬਿਨਾਂ ਮੇਰਾ ਮੈਲਾ ਅੰਤਹਿਕਰਣ ਪਵਿੱਤਰ ਕਿਵੇਂ ਹੁੰਦਾ? – ਕਦੋਂ ਤੱਕ ਮੈਂ ਅਗਿਆਨਤਾ ਵੱਸ ਸੁੱਤਾ ਰਹਿੰਦਾ ॥੧॥ ਵਿਕਾਰਾਂ ਵਿਚ ਪੈ ਕੇ ਮੈਂ ਜੋ ਪਾਪ ਜੋੜੇ ਸਨ, ਸਾਧ ਸੰਗਤ ਵਿਚ ਜਾ ਕੇ ਮੁਕਾ ਸੁੱਟੇ ਹਨ। – ਜਿਸ ਹਿਰਦੇ ਵਿਚ ਪਾਪਾਂ ਦੀ ਹੱਟੀ ਪਾਈ ਸੀ, ਉਸ ਦਾ ਹੁਣ ਸਫਾਇਆ ਹੋ ਗਿਆ ਹੈ ॥੨॥ ਗੁਰੂ ਰਵਿਦਾਸ ਜੀ ਫ਼ੁਰਮਾਉਂਦੇ ਹਨ ਕਿ ਪ੍ਰਭ ਪ੍ਰਾਪਤੀ ਪਿੱਛੋਂ

ਜਦ ਪਹਿਲਾਂ ਕੀਤੇ ਕਰਮਾਂ ਦੀ ਪੜਚੋਲ ਹੋਈ ਤਾਂ ਜੋ-ਜੋ ਮੈਂ ਕੀਤਾ ਸੀ, ਪ੍ਰਤੱਖ ਦਿੱਸ ਪਿਆ ॥੩ ॥੩ ॥

## ਸਲੋਕ

ਆਪਣੇ ਅਸਲੇ ਪਾਰਬ੍ਰਹਮ ਪ੍ਰਭ ਨੂੰ ਛੱਡ ਕੇ ਜੋ ਮਨੁੱਖ ਕਿਸੇ ਹੋਰ (ਦੇਵੀ-ਦੇਵਤਿਆਂ ਆਦਿ) ਤੋਂ ਮੁਕਤੀ ਦੀ ਆਸ ਰੱਖਦਾ ਹੈ, ਗੁਰੂ ਰਵਿਦਾਸ ਜੀ ਅਟੱਲ ਸੱਚਾਈ ਬਿਆਨ ਕਰਦੇ ਹਨ ਕਿ ਅਜਿਹੇ ਜੀਵ ਨਰਕਾਂ ਨੂੰ ਜਾਣਗੇ ਭਾਵ ਮੁਕਤ ਨਹੀਂ ਹੋਣਗੇ ॥੨੪੨ ॥

— ਸੰਪੂਰਨ —

ਇਸ ਅਗੰਮੀ, ਅਦੁੱਤੀ, ਅਮੋਲਕ ਧੁਰ ਕੀ ਬਾਣੀ ਦੀ ਵਿਆਖਿਆ ਕਰਦਿਆਂ ਅਨੇਕਾਂ ਭੁੱਲਾਂ ਹੋ ਗਈਆਂ ਹੋਣਗੀਆਂ। ਸ੍ਰੀ ਗੁਰੂ ਰਵਿਦਾਸ ਜੀ ਅਤੇ ਆਪ ਸਾਧ ਸੰਗਤ ਤੋਂ ਖ਼ਿਮਾਂ ਮੰਗਦਾਂ ਹਾਂ। ਉਂਜ ਇਹ ਅਰਥ ਸੰਕੇਤ ਮਾਤਰ ਹੀ ਹਨ। ਵਿਸਥਾਰ ਸਹਿਤ ਅਰਥ ਪੜ੍ਹਨ ਲਈ ਪ੍ਰੋ. ਲਾਲ ਸਿੰਘ ਜੀ ਦੀ ਪੁਸਤਕ 'ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਪੜ੍ਹੋ ਜੀ। ਇਸ ਪ੍ਰਕਾਸ਼ਨ ਵਿਚ ਰਹੀਆਂ ਤਰੁੱਟੀਆਂ ਅਤੇ ਆਪਣੇ ਕੀਮਤੀ ਸੁਝਾਅ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ ਤਾਂਕਿ ਅਗਲੇ ਐਡੀਸ਼ਨ ਵਿਚ ਇਨ੍ਹਾਂ ਨੂੰ ਸ਼ਾਮਲ ਕੀਤਾ ਜਾ ਸਕੇ।

ਚਰਨਜੀਤ ਸਿੰਘ ਬਿਨਪਾਲਕੇ